# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਉਨੀਂਵਾਂ (ਲਿੰਗ, ਸਕੂਲ ਅਤੇ ਸਮਾਜ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


**1.1** : ਲਿੰਗ : ਧਾਰਨਾ, ਲਿੰਗ ਦੀ ਸਮਾਜਿਕ, ਮਨੋਵਿਗਿਆਨਿਕ ਅਤੇ ਸੱਭਿਆਰਾਰਿਕ ਸੰਰਚਨਾ

**1.2** : ਲਿੰਗ ਦੀ ਪਰਿਭਾਸ਼ਾ, ਪਿਤਾ ਪੁਰਖੀ, ਮਰਦਾਨਗੀ ਅਤੇ ਨਾਰੀਵਾਦ, ਲਿੰਗ ਪੱਖਪਾਤ ਅਤੇ ਲਿੰਗ ਰੁੜੀਬੱਧਤਾ

**1.3** : ਲਿੰਗ ਅਤੇ ਸਮਾਜ: ਲਿੰਗ ਇਕੁਉਟੀ, ਲਿੰਗ ਸਮਾਨਤਾ ਅਤੇ ਲਿੰਗ ਭੂਮਿਕਾਵਾਂ, ਲਿੰਗੀ ਪੱਖਪਾਤ ਅਤੇ ਲਿੰਗੀ ਰੂੜ੍ਹੀਵਾਦਿਤਾ

**1.4** : ਲਿੰਗ : ਪਛਾਣ, ਵਿਕਾਸ ਅਤੇ ਭਾਰਤੀ ਸਮਾਜ ਵਿੱਚ ਲਿੰਗ ਮੁੱਦੇ


***Department website : www.pbidde.org***

**ਪਾਠ: 1.1** **ਲੇਖਕ: ਡਾ. ਮੰਜੂ ਸੂਦ**

## ਲਿੰਗ: ਧਾਰਨਾ, ਲਿੰਗ ਦੀ ਸਮਾਜਿਕ, ਮਨੋਵਿਗਿਆਨਿਕ ਅਤੇ ਸੱਭਿਆਚਾਰਿਕ ਸੰਰਚਨਾ

**1.1 ਪਾਠ ਦੇ ਉਦੇਸ਼**

**1.2 ਲਿੰਗ ਦੀ ਧਾਰਨਾ**

**1.3 ਲਿੰਗ ਦੀ ਸਮਾਜਿਕ ਸੰਰਚਨਾ**

**1.4 ਲਿੰਗ ਦੀ ਸੱਭਿਆਚਾਰਿਕ ਸੰਰਚਨਾ**

**1.5 ਲਿੰਗ ਦੀ ਮਨੋਵਿਗਿਆਨਿਕ ਸੰਰਚਨਾ**

**1.6 ਸੁਝਾਏ ਪ੍ਰਸ਼ਨ**

**1.7 ਸੁਝਾਈਆਂ ਪੜ੍ਹਤਾਂ**

### 1.1 ਪਾਠ ਦੇ ਉਦੇਸ਼ :-

**1.1 ਇਸ ਪਾਠ ਨੂੰ ਪੜ੍ਹਨ ਤੋਂ ਬਾਦ ਵਿਦਿਆਰਥੀ ਇਹ ਜਾਨਣ ਦੇ ਯੋਗ ਹੋਣਗੇ:-**

- ਲਿੰਗ ਦੀ ਧਾਰਨਾ ਜਾਣਨ ਦੇ।
- ਲਿੰਗ ਦੀ ਪਰਿਭਾਸ਼ਾ।
- ਲਿੰਗ ਅਤੇ ਸੈਕਸ ਦੀਆਂ ਧਾਰਨਾਵਾਂ ਵਿਚਕਾਰ ਅੰਤਰ।
- ਲਿੰਗ ਨੂੰ ਸਮਾਜਿਕ ਸੰਰਚਨਾ ਦੇ ਤੌਰ ’ਤੇ ਪਰਿਭਾਸ਼ਿਤ ਕਰਨਾ।
- ਲਿੰਗ ਦੀ ਸਮਾਜਿਕ ਸੰਰਚਨਾ ਦੀ ਵਿਆਖਿਆ।
- ਲਿੰਗ ਦੀਆਂ ਸਮਾਜਿਕ ਸੰਰਚਨਾ ਦੀਆਂ ਉਦਾਹਰਨਾਂ ਦੇਣ ਦੇ।
- ਲਿੰਗ ਦੀ ਸੱਭਿਆਚਾਰਿਕ ਸੰਕਲਪ ਦੀ ਵਿਆਖਿਆ ਕਰਨਾ।
- ਸੱਭਿਆਚਾਰਿਕ ਸੰਰਚਨਾ ਦੀਆਂ ਉਦਾਹਰਨਾਂ ਦੇਣੀਆਂ।
- ਲਿੰਗ ਦੀ ਮਨੋਵਿਗਿਆਨਿਕ ਸੰਰਚਨਾ ਬਾਰੇ ਜਾਣਕਾਰੀ।

## 1.2 **ਲਿੰਗ ਦੀ ਧਾਰਨਾ:–**

ਇਤਿਹਾਸਿਕ ਤੌਰ 'ਤੇ ਧਾਰਨਾ ਸੈਕਸ ਅਤੇ ਲਿੰਗ ਨੂੰ ਇੱਕ ਦੂਜੇ ਦੀ ਥਾਂ 'ਤੇ ਪ੍ਰਯੋਗ ਕਰ ਲੈਂਦੇ ਹਾਂ ਪਰੰਤੂ ਇਹਨਾਂ ਸ਼ਬਦਾਂ ਦੀ ਵਰਤੋਂ ਹੋਲੀ-2 ਅਲੱਗ ਹੁੰਦੀ ਗਈ ਅਤੇ ਇਹਨਾਂ ਦੋਹਾਂ ਧਾਰਨਾਵਾਂ ਵਿੱਚ ਅੰਤਰ ਜਾਨਣਾ ਬਹੁਤ ਜਰੂਰੀ ਹੈ।

### ੳ) ਸੈਕਸ ਦੀ ਧਾਰਨਾ :-

ਆਮ ਸ਼ਬਦਾਂ ਵਿੱਚ, 'ਸੈਕਸ' ਸ਼ਬਦ ਪੁਰਸ਼ ਅਤੇ ਇਸਤਰੀ ਵਿਚਕਾਰ ਜੈਵਿਕ ਵਿਭਿੰਨਤਾਵਾਂ ਵੱਲ ਇੰਗਿਤ ਕਰਦਾ ਹੈ। 'ਲਿੰਗ' ਨੂੰ ਪਰਿਭਾਸ਼ਿਤ ਕਰਨਾ ਹੋਰ ਵੀ ਔਖਾ ਹੈ ਪਰੰਤੂ ਇਹ ਸ਼ਬਦ ਪੁਰਖ ਅਤੇ ਇਸਤਰੀ ਦੀ ਸਮਾਜ ਵਿੱਚ ਰੋਲ ਵੱਲ ਇਸ਼ਾਰਾ ਕਰਦਾ ਹੈ। ਇਸਨੂੰ ਲਿੰਗ ਰੋਲ ਜਾਂ ਲਿੰਗ ਪਛਾਣ ਕਿਹਾ ਜਾਂਦਾ ਹੈ। ਸੈਕਸ ਪੁਰਸ਼ਾਂ ਅਤੇ ਇਸਤਰੀਆਂ ਵਿਚਕਾਰ ਉਹਨਾਂ ਦੇ ਸ਼ਰੀਰਕ ਬਣਤਰ ਅਤੇ ਪ੍ਰਜਨਨ ਸ਼ਮਤਾਵਾਂ ਵਿਚਕਾਰ ਅੰਤਰ ਵੱਜੋਂ ਜਾਣਿਆ ਜਾਂਦਾ ਹੈ। ਇਹ ਸਰਬਵਿਆਪਕ ਅਤੇ ਬਿਨਾਂ ਸਰਜਰੀ ਤੋਂ ਨਾ ਬਦਲਣ ਵਾਲਾ ਹੈ। ਸੈਕਸ ਪੁਰਖ ਅਤੇ ਔਰਤ ਵਿਚਕਾਰ ਜੈਵਿਕ ਵਿਭਿੰਨਤਾਵਾਂ ਅਤੇ ਉਹਨਾਂ ਸ਼ਰੀਰਕ ਸ਼ਮਤਾਵਾਂ ਵਿਚਕਾਰ ਅੰਤਰ ਨੂੰ ਦੱਸਿਆ ਜਾਂਦਾ ਹੈ, ਜਿਨ੍ਹਾਂ ਨੂੰ ਲੈ ਕੇ ਉਹ ਪੈਦਾ ਹੁੰਦਾ ਹੈ। ਪੁਰਖ ਅਤੇ ਇਸਤਰੀ ਦੇ ਸੈਕਸ ਵਿਚਕਾਰ ਅੰਤਰ ਸ਼ਰੀਰਕ ਤੌਰ ਤੇ ਹੁੰਦਾ ਹੈ। ਸੈਕਸ ਉਹਨਾਂ ਜੈਵਿਕ ਅੰਤਰਾਂ ਵੱਲ ਹੀ ਇਸ਼ਾਰਾ ਕਰਦਾ ਹੈ। ਉਦਾਹਰਨ ਲਈ ਆਦਮੀ ਅਤੇ ਔਰਤ ਦੇ ਬਾਹਰੀ ਜਣਨ ਅੰਗ ਵੱਖੋ-ਵੱਖਰੇ ਹਨ। ਇਸੇ ਪ੍ਰਕਾਰ, ਆਦਮੀ ਅਤੇ ਔਰਤ ਦੇ ਵਿਚ ਸ਼ਾਮਿਲ ਹਾਰਮੋਨਜ਼ ਦੇ ਪ੍ਰਕਾਰ ਅਤੇ ਪੱਧਰ ਵੀ ਵੱਖੋ-ਵੱਖਰੇ ਹਨ। ਜਣਨ ਕਾਰਕ ਕਿਸੇ ਵਿਅਕਤੀ ਦੇ ਸੈਕਸ ਨੂੰ ਪਰਿਭਾਸ਼ਿਤ ਕਰਦੇ ਹਨ। ਔਰਤਾਂ ਦੇ ਦੋ 'X'ਨਾਲ ਕੁਲ 46 ਕ੍ਰੋਮੋਸੋਮ ਹੁੰਦੇ ਹਨ ਅਤੇ ਆਦਮੀ ਵਿੱਚ ਇੱਕ'X'(ਐਕਸ) ਅਤੇ ਇੱਕ 'Y'ਨਾਲ46ਕ੍ਰੋਮੋਸੋਮ ਹੁੰਦੇ ਹਨ। 'X'ਕ੍ਰੋਮੋਸੋਮ ਪ੍ਰਮੁੱਖ ਹੁੰਦਾ ਹੈ ਅਤੇ ਭਰੂਣ ਵੱਲ ਟੈਸਟਸ ਦਾ ਵਾਧਾ ਕਰਨ ਵੱਲ ਸੰਕੇਤ ਭੇਜਦਾ ਹੈ। ਆਦਮੀ ਅਤੇ ਔਰਤਾਂ ਦੋਨਾਂ ਵਿੱਚ ਟੈਸਟੋਸਟੇਰੋਨ, ਐਸਟ੍ਰੋਜਨ ਅਤੇ ਪ੍ਰੋਜੇਸਟੇਰੋਨ ਹੁੰਦਾ ਹੈ। ਜਦੋਂ ਕਿ ਔਰਤਾਂ ਵਿੱਚ ਐਸਟਰੋਜਨ ਅਤੇ ਪ੍ਰੋਜੇਸਟੇਰੋਨ ਦੀ ਮਾਤਰਾ ਵੱਧ ਹੁੰਦੀ ਹੈ ਜਦਕਿ ਪੁਰਸ਼ਾਂ ਵਿੱਚ ਟੈਸਟਾਸਟੇਰੋਨ ਦੀ ਮਾਤਰਾ ਵੱਧ ਹੁੰਦੀ ਹੈ।

### ਅ) ਲਿੰਗ ਦਾ ਅਰਥ ਅਤੇ ਧਾਰਨਾ:–

ਲਿੰਗ ਪੁਰਸ਼ ਅਤੇ ਇਸਤਰੀ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਿਕ ਗੁਣਾਂ ਅਤੇ ਉਹਨਾਂ ਨਾਲ ਸੰਬੰਧਿਤ ਅਵਸਰਾਂ ਵੱਲ ਇਸ਼ਾਰਾ ਕਰਦਾ ਹੈ। ਲਿੰਗ ਦੀ ਸਮਾਜਿਕ ਪਰਿਭਾਸ਼ਾ ਵੱਖੋਂ ਵੱਖ ਸੱਭਿਆਤਾਵਾਂ ਵਿੱਚ ਵੱਖੋ ਵੱਖਰੀ ਹੈ ਅਤੇ ਸਮੇਂ ਦੇ ਨਾਲ ਨਾਲ ਬਦਲਦੀ ਰਹੀ ਹੈ। ਲਿੰਗ ਸਮਾਜ ਦੇ ਕਿਸੇ ਖਾਸ ਸਮੂਹ ਦੇ ਲੋਕਾਂ ਨਾਲ ਸੰਬੰਧਿਤ ਖਾਸ ਵਿਸ਼ੇਸ਼ਤਾਵਾਂ ਸਹਿਤ ਇੱਕ ਸਮਾਜਿਕ ਪ੍ਰਗਟਾਵਾ ਹੈ ਜੋਕਿ ਉਹਨਾਂ ਦੇ ਸੈਕਸ ਅਤੇ ਸੈਕਸ਼ੁਐਲਿਟੀ ਨਾਲ ਸੰਬੰਧ ਰੱਖਦਾ ਹੈ।

ਲਿੰਗ ਤੋਂ ਭਾਵ ਸੱਭਿਆਚਾਰ ਅਤੇ ਸਮਾਜ ਵੱਲੋਂ ਔਰਤਾਂ, ਮਰਦਾਂ, ਮੁੰਡਿਆਂ ਅਤੇ ਕੁੜੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਭੂਮਿਕਾਵਾਂ, ਜ਼ਿੰਮੇਵਾਰੀਆਂ, ਸੰਬੰਧਾਂ ਅਤੇ ਉਮੀਦਾਂ ਤੋਂ ਹੈ। ਲਿੰਗ 'ਔਰਤ' ਸ਼ਬਦ ਦਾ ਦੂਜਾ ਸ਼ਬਦ ਨਹੀਂ ਹੈ। ਲਿੰਗ 'ਲਿੰਗੀ ਅੰਤਰਾ' ਲਈ ਪ੍ਰਯੋਗ ਕੀਤਾ ਜਾਣ ਵਾਲਾ ਦੂਜਾ ਸ਼ਬਦ ਵੀ ਸਹੀ ਹੈ।

ਲਿੰਗ ਹਰੇਕ ਸਮਾਜ ਵਿੱਚ ਹਰੇਕ ਸੈਕਸ ਨੂੰ ਦਿੱਤੇ ਜਾਣ ਵਾਲੀਆਂ ਸੱਭਿਅਕ ਅਤੇ ਸਮਾਜਿਕ ਭੂਮਿਕਾਵਾਂ ਵੱਲ ਇਸ਼ਾਰਾ ਕਰਦਾ ਹੈ।

ਲਿੰਗ ਪੁਰਸ਼ ਅਤੇ ਇਸਤਰੀਆਂ ਦੀਆਂ ਉਹਨਾਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਵੱਲ ਇਸ਼ਾਰਾ ਕਰਦਾ ਹੈ ਜੋ ਸਾਡੇ ਪਰਿਵਾਰਾਂ ਵੱਲੋਂ, ਸਾਡੇ ਸਮਾਜ ਵੱਲੋਂ ਅਤੇ ਸਾਡੀਆਂ ਸੱਭਿਆਤਾਵਾਂ ਵੱਲੋਂ ਨਿਰਮਿਤ ਕੀਤੇ ਜਾਂਦੇ ਹਨ। ਲਿੰਗ ਦੀ ਧਾਰਨਾ ਵਿੱਚ ਆਦਮੀ ਅਤੇ ਔਰਤ ਦੀਆਂ ਕੁਝ ਵਿਸ਼ੇਸ਼ਤਾਵਾ, ਤੇ ਹੋਰ ਸੁਭਾਵਾ (ਜੋ ਮਿਲਦੇ ਹਨ) ਵੀ ਸ਼ਾਮਿਲ ਹੁੰਦੇ ਹਨ।

**ੲ) ਲਿੰਗ ਦੀਆਂ ਪਰਿਭਾਸ਼ਾਵਾਂ :-**

1. **ਲਿੰਗ ਦੀ ਚਲਿਤ ਪਰਿਭਾਸ਼ਾ :-** ਲੋਕ ਔਰਤ ਜਾਂ ਪੁਰਸ਼ ਜਾਂ ਟ੍ਰਾਂਸਜੈਂਡਰ ਦੇ ਤੌਰ ਤੇ ਜਨਮ ਲੈਂਦੇ ਹਨ ਅਤੇ ਉਹਨਾਂ ਉੱਤੇ ਮੁੰਡਿਆਂ ਅਤੇ ਕੁੜੀਆਂ ਦੇ ਵਿਵਹਾਰ ਨੂੰ ਸਿੱਖਣ ਲਈ ਦਬਾਅ ਪਾਇਆ ਜਾਂਦਾ ਹੈ ਜੋ ਕਿ ਇੱਕ ਔਰਤ ਅਤੇ ਮਰਦ ਦੇ ਰੂਪ ਵਿੱਚ ਵੱਡੇ ਹੁੰਦੇ ਹਨ। ਉਹਨਾਂ ਨੂੰ ਲਿੰਗ ਰੋਲ ਅਤੇ ਗਤੀਵਿਧੀਆਂ ਦੇ ਅਨੁਸਾਰ ਉਚਿਤ ਵਿਵਹਾਰ ਅਤੇ ਰਵੱਈਆਂ ਸਿਖਾਇਆ ਜਾਂਦਾ ਹੈ। ਇਹੀ ਸਿੱਖਿਆ ਹੋਇਆ ਸੁਭਾਅ ਲਿੰਗੀ ਪਛਾਣ ਅਤੇ ਲਿੰਗੀ ਰੋਲ ਨੂੰ ਨਿਰਧਾਰਿਤ ਕਰਦਾ ਹੈ।

2. **ਮੈਰੀਅਮ -ਵੈਬਸਟਰ ਸ਼ਬਦਕੋਸ਼ ਦੇ ਅਨੁਸਾਰ :-** ਲਿੰਗ ਕਿਸੇ ਭਾਸ਼ਾ ਦੀ ਵਿਆਕਰਨ ਦਾ ਉਹ ਉਪਭਾਗ ਹੈ ਜੋ ਕੁੱਝ ਮਨਘੜ੍ਹਤ ਅਤੇ ਕੁੱਝ ਹੱਦ ਤੱਕ ਵੱਖਰੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਆਕਾਰ, ਸਮਾਜਿਕ ਪੱਧਰ, ਅਸਤਿਤਵ ਦਾ ਪ੍ਰਕਾਰ ਅਤੇ ਸੈਕਸੇ ਆਦਿ ਤੇ ਆਧਾਰਿਤ ਹੁੰਦਾਹੇ ਅਤੇ ਇਹ ਹੋਰ ਵਿਆਕਰਨਿਕ ਬਣਤਰਾਂ ਨਾਲ ਆਪਣਾ ਸੰਬੰਧ ਸਥਾਪਿਤ ਕਰਦਾ ਹੈ।

3. **ਯੂ.ਐਨ.ਉ.ਦੀ ਭੋਜਨ ਅਤੇ ਖੇਤੀ ਸੰਸਥਾ:-** FAO ਦੇ ਅਨੁਸਾਰ, ਲਿੰਗ ਉਹ ਹੈ ਜੋ ਆਦਮੀ ਅਤੇ ਔਰਤ ਦੇ ਭੌਤਿਕ ਰਿਸ਼ਤੇ ਨੂੰ ਸਥਾਪਿਤ ਕਰਦਾ ਹੈ। ਲਿੰਗ ਨੂੰ ਜੈਵਿਕ ਤੌਰ ਤੇ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ ਕਿਉਕਿ ਇਹ ਸਮਾਜਿਕ ਤੌਰ ਤੇ ਨਿਰਮਿਤ ਹੁੰਦਾ ਹੈ। ਇਹ ਸਮਾਜਾਂ ਦਾ ਕੇਂਦਰੀ ਪ੍ਰਬੰਧਕ ਸਿਧਾਂਤ ਹੈ ਅਤੇ ਜ਼ਿਆਦਾਤਰ ਪ੍ਰਜਨਨ ਅਤੇ ਉਤਪਾਦਕਤਾ ਅਤੇ ਖਪਤ ਅਤੇ ਵੰਡ ਦੀ ਪ੍ਰਕ੍ਰਿਆ ਨੂੰ ਸੰਪਾਦਿਤ ਕਰਦਾ ਹੈ।

4. ਲਿੰਗ ਨੂੰ ਇਸ ਤਰ੍ਹਾਂ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਕਿਸੇ ਸਮਾਜ ਵਿੱਚ ਆਦਮੀ ਅਤੇ ਔਰਤ ਦੇ ਉੱਚਿਤ ਵਿਵਹਾਰ, ਵਿਸ਼ੇਸ਼ਤਾਵਾਂ ਅਤੇ ਭੂਮਿਕਾਵਾਂ, ਜਿਸ ਨੂੰ ਉਹ ਸਮਾਜ ਪ੍ਰਵਾਨ ਕਰਦਾ ਹੈ। ਲਿੰਗ ਨੂੰ ਸਮਾਜਿਕ ਅਤੇ ਸੱਭਿਅਕ ਸੰਰਚਨਾ ਦੇ ਤੌਰ ਤੇ ਵੀ ਨਿਰਧਾਰਿਤ ਕੀਤਾ ਜਾਂਦਾ ਹੈ ਜੋਕਿ ਔਰਤਾਂ ਨੂੰ ਪੁਰਖਾਂ ਤੋਂ ਅਲੱਗ ਕਰਦੀ ਹੈ ਅਤੇ ਫਿਰ ਉਹਨਾਂ ਮਾਧਿਅਮਾਂ ਨੂੰ ਪਰਿਭਾਸ਼ਿਤ ਕਰਦੀ ਹੈ। ਜਿਸ ਦੁਆਰਾ ਆਦਮੀ ਅਤੇ ਔਰਤ ਇੱਕ ਦੂਜੇ ਨੂੰ ਮਿਲਦੇ ਹਨ। ਉਹਨਾਂ ਭੂਮਿਕਾਵਾਂ ਅਤੇ ਉਮੀਦਾਂ ਨੂੰ ਸਿੱਖਿਆ ਜਾਂਦਾ ਹੈ ਅਤੇ ਉਹ ਸੱਭਿਆਤਾਵਾਂ ਦੇ ਵਿਚਕਾਰ ਸਮੇਂ ਅਨੁਸਾਰ ਬਦਲਦੇ ਰਹਿੰਦੇ ਹਨ।

**ਸ) ਸੈਕਸ ਅਤੇ ਲਿੰਗ ਵਿੱਚ ਅੰਤਰ :-**

ਹੇਠ ਲਿਖੇ ਤੱਥ ਸੈਕਸ ਅਤੇ ਲਿੰਗ ਵਿੱਚ ਅੰਤਰ ਬਿਆਨ ਕਰਦੇ ਹਨ

1. ਸੈਕਸ ਦੀਆਂ ਧਾਰਨਾ ਜੈਵਿਕ ਅੰਤਰਾਂ ਨੂੰ ਦਰਸਾਉਂਦੀ ਹੈ ਜੋਕਿ ਕੁਦਰਤੀ ਹਨ ਜਦੋਂ ਕਿ ਲਿੰਗ ਸਮਾਜਿਕ ਅੰਤਰਾਂ ਨੂੰ ਦਰਸਾਉਂਦਾ ਹੈ।

2. ਸੈਕਸ ਸਰੀਰਕ ਅੰਤਰਾਂ ਨੂੰ ਦਰਸਾਉਂਦਾ ਹੈ ਜਦੋਂ ਕਿ ਲਿੰਗ ਸਮਾਜਿਕ, ਸੱਭਿਆਚਾਰਿਕ ਭੂਮਿਕਾਵਾਂ ਵੱਲ ਇਸ਼ਾਰਾ ਕਰਦਾ ਹੈ।

3. ਕੋਈ ਵਿਅਕਤੀ ਜੋਕਿ ਦੁਨੀਆਂ ਵਿੱਚ ਮਰਦ ਜਾਂ ਔਰਤ ਦੇ ਰੂਪ ਵਿੱਚ ਜਨਮ ਲੈਂਦਾ ਹੈ, ਉਸ ਦੇ ਸੈਕਸ ਨੂੰ ਬਦਲਣਾ ਮੁਸ਼ਕਿਲ ਹੁੰਦਾ ਹੈ ਜਦੋਂ ਕਿ ਲਿੰਗ ਵਿੱਚ ਪਰਿਵਰਤਨ ਹੋ ਸਕਦਾ ਹੈ ਜੋਕਿ ਸਮਾਜ ਦੁਆਰਾ ਨਿਰਧਾਰਿਤ ਹੁੰਦਾ ਹੈ।

4. ਸੈਕਸ ਅੰਤਰ ਉਸ ਸਮੇਂ ਤੋਂ ਹੀ ਸਮਾਜ ਵਿੱਚ ਮੌਜੂਦ ਹੈ ਜਦੋਂ ਤੋਂ ਮਨੁੱਖ ਦੀ ਹੋਂਦ ਸਥਾਪਿਤ ਹੋਈ ਹੈ ਪਰੰਤੂ ਲਿੰਗ ਭੂਮਿਕਾਵਾਂ ਵਿੰਭਿਨ ਸਮੇਂ ਤੇ ਵੱਖਰੀਆਂ -ਵੱਖਰੀਆਂ ਹੁੰਦੀਆਂ ਹਨ।

5. ਸੈਕਸ ਅੰਤਰ ਸੰਬੰਧੀ ਨੀਤਿਆਂ ਵੀ ਸਰੀਰਕ ਅੰਤਰਾ ਨੂੰ ਦਿਮਾਗ 'ਚ ਰੱਖਕੇ ਹੀ ਬਣਾਈਆਂ ਜਾਂਦੀਆਂ ਹਨ ਜਦੋਂ ਕਿ ਉਹੀ ਨੀਤਿਆਂ ਲਿੰਗੀ ਪੱਖਪਾਤ ਅਤੇ ਲਿੰਗੀ ਰੋਲਾਂ ਨੂੰ ਧਿਆਨ 'ਚ ਰੱਖਕੇ ਬਣਾਈਆਂ ਜਾ ਸਕਦੀਆਂ ਹਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ 'ਸੈਕਸ' ਜੈਵਿਕ ਵਿਸ਼ੇਸ਼ਤਾਵਾਂ ਵੱਲ ਇਸ਼ਾਰਾ ਕਰਦਾ ਹੈ ਅਤੇ ਲਿੰਗ ਵਿਅਕਤੀ ਅਤੇ ਸਮਾਜ ਦੀ ਸੈਕਸੁਐਲਿਟੀ ਪ੍ਰਤੀ ਨਜ਼ਰੀਏ ਵੱਲ ਖਾਸਕਰ ਮਰਦਾਨਾ ਅਤੇ ਜਨਾਨਾ ਦੀ ਧਾਰਨਾ ਵੱਲ ਇਸ਼ਾਰਾ ਕਰਦਾ ਹੈ।

## 1.3 ਲਿੰਗ ਦੀ ਸਮਾਜਿਕ ਸੰਰਚਨਾ :-

ਸਮਾਜਿਕ ਸੰਰਚਨਾ ਅਸਲ ਵਿੱਚ ਵਸਤੂਨਿਸ਼ਠ ਨਹੀਂ ਹੁੰਦੀ ਬਲਕਿ ਇਹ ਮਨੁੱਖੀ ਗੱਲਬਾਤ ਦਾ ਨਤੀਜਾ ਹੈ। ਇੱਕ ਸਮਾਜਿਕ ਸੰਰਚਨਾ ਇਸ ਕੁਦਰਤੀ ਸੰਸਾਰ ਵਿੱਚ ਹੋਂਦ ਸਥਾਪਿਤ ਨਹੀਂ ਕਰ ਸਕਦੀ ਪਰੰਤੂ ਵਾਸਤਵ ਵਿੱਚ ਇਹ ਸਮਾਜ ਦੀ ਖੋਜ ਹੁੰਦੀ ਹੈ। ਸੱਭਿਆਚਾਰਕ ਅਭਿਆਸ ਅਤੇ ਨਿਯਮ ਸਮਾਜਿਕ ਸੰਰਚਨਾਵਾ ਵਿੱਚ ਵਾਧਾ ਕਰਦੇ ਹਨ। ਸਮਾਜਿਕ ਸੰਰਚਨਾਵਾਂ ਸਾਡੇ ਅਭਿਆਸਾਂ, ਰੀਤੀ-ਰਿਵਾਜ਼ਾਂ ਅਤੇ ਨਿਯਮਾਂ ਨੂੰ ਉਸੇ ਤਰ੍ਹਾਂ ਚਲਾਉਂਦੀਆਂ ਹਨ, ਜਿਸ ਤਰ੍ਹਾਂ ਅਸੀਂ ਉਹਨਾਂ ਨੂੰ ਵਰਤਦੇ, ਵੇਖਦੇ ਅਤੇ ਸਮਝਦੇ ਹਾਂ। ਦੂਜੇ ਸ਼ਬਦਾਂ ਵਿੱਚ ਅਸੀਂ ਇਸ ਤਰ੍ਹਾਂ ਹੀ ਕੰਮ ਕਰਦੇ ਹਾਂਜਿਵੇਂ ਕਿ ਇਹ ਹੋਂਦ ਵਿੱਚ ਹੁੰਦੇ ਹਨ।

ਲਿੰਗੀ ਅੰਤਰਾ ਦਾ ਵਿਚਾਰ ਲਿੰਗ ਦੇ ਕਈ ਦਾਰਸ਼ਨਿਕ ਅਤੇ ਸਮਾਜਿਕ ਸਿਧਾਤਾਂ ਵਿੱਚ ਸ਼ਾਮਿਲ ਹੈ। ਸਮਾਜਿਕ ਸੰਰਚਨਾਵਾਦੀ ਮੰਨਦੇ ਹਨ ਕਿ ਲਿੰਗ ਦੀ ਕੋਈ ਸਹਿਜ ਸੱਚਾਈ ਨਹੀਂ ਹੈ, ਇਹ ਸਮਾਜਿਕ ਆਸ਼ਾਵਾਂ ਅਤੇ ਲਿੰਗੀ ਪ੍ਰਦਰਸ਼ਨ ਦੁਆਰਾ ਨਿਰਮਿਤ ਹੁੰਦਾ ਹੈ। ਇਸ ਸਮਾਜ ਦੇ ਅਨੁਸਾਰ, ਸੱਭਿਅਤਾ ਲਿੰਗੀ ਭੂਮਿਕਾਵਾਂ ਦਾ ਨਿਰਮਾਣ ਕਰਦੀ ਹੈ ਅਤੇ ਉਹ ਰੋਲ ਜਾਂ ਭੂਮਿਕਾ ਉਸ ਲਿੰਗ ਦੇ ਵਿਅਕਤੀ ਲਈ ਇੱਕ ਆਦਰਸ਼ ਵਿਵਹਾਰ ਮੰਨਿਆ ਜਾਂਦਾ ਹੈ। ਕੁਝ ਲੋਕ ਬਹਿਸ ਕਰਦੇ ਹਨ ਕਿ ਆਦਮੀ ਅਤੇ ਔਰਤ ਦੇ ਸੁਭਾਅ ਵਿੱਚ ਅੰਤਰ ਸਮਾਜ ਕਰਕੇ ਹੈ ਅਤੇ ਕੁਝ ਦੂਜੇ ਵਿਸ਼ਵਾਸ ਕਰਦੇ ਹਨ ਕਿ ਵਿਵਹਾਰ ਸਰਬ ਵਿਆਪਕ ਜੈਵਿਕ ਕਾਰਕਾਂ ਕਰਕੇ ਪ੍ਰਭਾਵਿਤ ਹੁੰਦਾ ਹੈ। ਲਿੰਗ ਦੀ ਸਮਾਜਿਕ ਸੰਰਚਨਾ ਇਸ ਤੱਥ ਤੇ ਨਿਰਭਰ ਕਰਦੀ ਹੈ ਕਿ ਲਿੰਗ ਸਮਾਜਿਕ ਦਾਅਵੇਦਾਰੀ ਦਾ ਮਾਮਲਾ ਹੈ। ਇਹ ਸੈਕਸੁਅਲ ਅੰਤਰਾਂ ਦੀ ਸਮਾਜਿਕ ਸੰਸਥਾ ਵੱਲ ਇਸ਼ਾਰਾ ਕਰਦਾ ਹੈ। ਲਿੰਗ ਇੱਕ ਸਮਾਜਿਕ ਸੰਰਚਨਾ ਹੈ ਜੋ ਸਾਰੇ ਸਮਾਜਾਂ ਦੇ ਮੁੰਡੇ ਕੁੜੀਆਂ ਅਤੇ ਆਦਮੀ-ਔਰਤ ਦੇ ਰੁਝਾਨਾਂ, ਭੂਮਿਕਾਵਾਂ, ਜ਼ਿੰਮੇਵਾਰੀਆਂ ਅਤੇ ਸੁਭਾਅ ਦੇ ਅੰਦਾਜ਼ ਨੂੰ ਪ੍ਰਭਾਵਿਤ ਕਰਦਾ ਹੈ। ਲੋਕ ਆਪਣੀਆਂ ਲਿੰਗ ਭੂਮਿਕਾਵਾਂ ਨੂੰ ਆਪਣੇ ਵਾਤਾਵਰਨ ਦੇ ਅਨੁਸਾਰ ਸਮਾਯੋਜਿਤ ਕਰ ਲੈਂਦੇ ਹਨ।

**ੳ) ਇੱਕ ਸਮਾਜ ਵਿੱਚ ਸੈਕਸ ਵਰਗ ਕਿਵੇਂ ਲਿੰਗ ਸੰਰਚਨਾ ਬਣ ਜਾਂਦੀ ਹੈ?**

1. ਲਿੰਗ ਸੰਰਚਨਾ ਜਨਮ ਤੋਂ ਹੀ ਸੈਕਸ ਵਰਗ ਦੀ ਹੋਂਦ ਨਾਲ ਸ਼ੁਰੂ ਹੋ ਜਾਂਦੀ ਹੈ।
2. ਉਸਤੋਂ ਬਾਦ ਬੱਚਿਆਂ ਦਾ ਪਹਿਰਾਵਾ ਇਸ ਵਰਗ ਨੂੰ ਦੱਸਦਾ ਹੈ ਕਿਉਂਕਿ ਮਾਪੇ ਇਹ ਨਹੀਂ ਚਾਹੁੰਦੇ ਕਿ ਕੋਈ ਵੀ ਵਿਅਕਤੀ ਬਾਰ-2 ਉਹਨਾਂ ਤੋਂ ਇਹ ਪੁੱਛੇ ਕਿ ਤੁਹਾਡਾ ਬੱਚਾ ਮੁੰਡਾ ਹੈ ਜਾਂ ਕੁੜੀ।
3. ਇੱਕ ਸੈਕਸ ਕੈਟੇਗਰੀ ਨਾਮ, ਪਹਿਰਾਵੇ ਤੋਂ ਅਤੇ ਦੂਜੇ ਲਿੰਗੀ ਚਿਨ੍ਹਾਂ ਦੀ ਵਰਤੋਂ ਨਾਲ ਲਿੰਗੀ ਸਟੇਟਸ ਬਣ ਜਾਂਦੇ ਹਨ।
4. ਜਦੋਂ ਇੱਕ ਬੱਚੇ ਦੇ ਲਿੰਗ ਦਾ ਪ੍ਰਮਾਣ ਮਿਲ ਜਾਂਦਾ ਹੈ ਤਾਂ ਦੂਜੇ ਲਿੰਗ ਵਾਲੇ ਉਸਨੂੰ ਹੋਰ ਢੰਗ ਨਾਲ ਵਿਵਹਾਰ ਕਰਦੇ ਹਨ ਅਤੇ ਉਹ ਬੱਚਾ ਵਿੰਭਿਨ ਭਾਵਨਾ ਨਾਲ ਵਿਭਿੰਨ ਢੰਗ ਨਾਲ ਵਿਵਹਾਰ ਕਰਨ ਲੱਗ ਪੈਂਦਾ ਹੈ।
5. ਜਿਵੇਂ ਹੀ ਉਹ ਗੱਲਾਂ ਕਰਨ ਲੱਗ ਜਾਂਦੇ ਹਨ, ਉਹ ਆਪਣੇ -ਆਪ ਨੂੰ ਉਸ ਲਿੰਗ ਦਾ ਮੈਂਬਰ ਦੱਸਣ ਲੱਗ ਪੈਂਦੇ ਹਨ।
6. ਮਾਪੇ ਬੱਚੇ ਦਾ ਪਾਲਣ -ਪੋਸ਼ਣ ਵੀ ਉਸਦੇ ਲਿੰਗ ਦੇ ਅਨੁਸਾਰ ਕਰਦੇ ਹਨ ਅਤੇ ਕੰਮਾਂ-ਕਾਰਾਂ 'ਤੇ ਵੀ ਅਲੱਗ-2 ਲਿੰਗ ਨੂੰ ਅਲੱਗ -2 ਕੰਮ ਦਿੱਤੇ ਜਾਂਦੇ ਹਨ।
7. ਉਹ ਕੰਮ ਜੋ ਮਾਤਾ-ਪਿਤਾ ਬਾਲਗ ਦੇ ਤੌਰ 'ਤੇ ਕਰਦੇ ਹਨ, ਇਹ ਉਹਨਾਂ ਵਿੱਚ ਵੱਖ-2 ਤਰ੍ਹਾਂ ਦੀ ਭਾਵਨਾ ਨੂੰ ਉਜਾਗਰ ਕਰਦੇ ਹਨ।
8. ਇਹ ਸਾਰੀਆਂ ਪ੍ਰਕ੍ਰਿਰਿਆਵਾਂ ਲਿੰਗ ਦੀ ਸੰਰਚਨਾ ਦਾ ਨਿਰਮਾਣ ਕਰਦੀਆਂ ਹਨ।

**ਅ) ਸਮਾਜ ਵਿੱਚ ਲਿੰਗ ਜਨਮ ਤੋਂ ਹੀ ਕਿਉਂ ਸ਼ੁਰੂ ਹੋ ਜਾਂਦਾ ਹੈ?**

ਲਿੰਗ ਇੱਕ ਬਹੁਤ ਵੱਡਾ ਕਾਰਕ ਹੈ ਜਿਸ ਰਾਹੀਂ ਮਨੁੱਖ ਆਪਣੀ ਜ਼ਿੰਦਗੀ ਨੂੰ ਸੰਗਠਿਤ ਕਰਦਾ ਹੈ। ਮਨੁੱਖੀ ਸਮਾਜ ਕਿਰਤ ਦੀ ਅਨੁਸਾਸਿਤ ਵੰਡ, ਸੀਮਿਤ ਚੀਜ਼ਾਂ ਵੀ ਮਨੋਨੀਤ ਵੰਡ, ਬੱਚਿਆਂ ਅਤੇ ਹੋਰਾਂ ਦੀ ਜ਼ਿੰਮੇਵਾਰੀ ਜੋ ਆਪਣੀ ਦੇਖਭਾਲ ਨਹੀਂ ਕਰ ਸਕਦੇ, ਆਮ ਕਦਰਾਂ -ਕੀਮਤਾਂ ਅਤੇ ਉਹਨਾਂ ਦੇ ਪ੍ਰਬੰਧਕਾਂ ਨੂੰ ਨਵੇਂ ਮੈਂਬਰਾਂ ਤੱਕ ਪਹੁੰਚਾਉਣ, ਜਾਇਜ਼ ਲੀਡਰਸ਼ਿਪ, ਸੰਗੀਤ, ਕਲਾ, ਕਹਾਣੀਆਂ ਖੇਡਾਂ ਅਤੇ ਹੋਰ ਪ੍ਰਤੀਕ ਉਤਪਾਦਨ 'ਤੇ ਨਿਰਭਰ ਕਰਦਾ ਹੈ।

ਹਰੇਕ ਸਮਾਜ ਲੋਕਾਂ ਨੂੰ ਉਹਨਾਂ ਦੀ ਉਮਰ ਅਤੇ ਲਿੰਗ ਦੇ ਅਨੁਸਾਰ ਵਰਗੀਕਿਤ ਕਰਦਾ ਹੈ ਅਤੇ ਉਹਨਾਂ ਵਿੱਚ ਸਮਾਨਤਾਵਾਂ ਅਤੇ ਵਖਰੇਵਿਆਂ ਦੀ ਸੰਰਚਨਾ ਕਰਦਾ ਹੈ ਅਤੇ ਫਿਰ ਉਹਨਾਂ ਨੂੰ ਵੱਖੋਂ-ਵੱਖ ਰੋਲ ਅਤੇ ਜ਼ਿੰਮੇਵਾਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਇਸ ਲਈ ਲਿੰਗ ਪ੍ਰਜਨਨ ਅੰਗਾਂ ਤੇ ਆਧਾਰਿਤ ਸਮਾਜਿਕ ਸੰਰਚਨਾ ਨਹੀਂ ਹੈ। ਸਮਾਜਿਕ ਸਟੇਟਸ ਦੀ ਸੰਰਚਨਾ ਵਿੱਚ ਸਰੀਰਕ ਵਖਰੇਵੇਂ ਜਿਵੇਂ ਸੈਕਸ, ਵਿਕਾਸ ਦੀ ਸਟੇਜ ਚਮੜੀ ਦਾ ਰੰਗ ਅਤੇ ਆਕਾਰ ਮੁੱਖ ਹਨ। ਸਮਾਜਿਕ ਸਟੇਟਸ ਅਧਿਆਪਨ, ਸਿੱਖਣ ਆਦਿ ਦੀ ਤੈਅ ਕੀਤੀ ਪ੍ਰਕ੍ਰਿਆ ਅਨੁਸਾਰ ਬਣਾਏ ਜਾਂਦੇ ਹਨ। ਇਸ ਲਈ ਲਿੰਗ ਦੇ ਬਿਲਡਿੰਗ ਬਲਾਕ ਹੀ ਸਮਾਜ ਦੁਆਰਾ ਬਣਾਏ ਗਏ ਸਟੇਟਸ ਹਨ।

**ੲ) ਸਮਾਜਿਕ ਸੰਰਚਨਾ ਦੇ ਆਧਾਰ 'ਤੇ ਲਿੰਗ ਦੀ ਪਰਿਭਾਸ਼ਾ :-**

**ਵਿਸ਼ਵ ਸਿਹਤ ਸੰਸਥਾ (WHO) ਲਿੰਗ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੰਦਾ ਹੈ:-**

''ਲਿੰਗ, ਪੁਰਸ਼ ਅਤੇ ਔਰਤ ਦੀ ਸਮਾਜ ਦੁਆਰਾ ਬਣਾਈਆਂ ਵਿਸ਼ੇਸ਼ਤਾਵਾਂ, ਜਿਸ ਵਿੱਚ ਕੁਝ ਨਿਯਮ, ਭੂਮਿਕਾਵਾਂ ਅਤੇ ਮਰਦ ਤੇ ਔਰਤ ਦੇ ਆਪਸੀ ਸੰਬੰਧ ਹਨ, ਇਸ਼ਾਰਾ ਕਰਦਾ ਹੈ। ਇਹ ਵੱਖ-ਵੱਖ ਸਮਾਜਾਂ ਵਿੱਚ ਵੱਖ-ਵੱਖ ਹੁੰਦਾ ਹੈ।''

ਅੰਤਰਾਸ਼ਟਰੀ ਮਜ਼ਦੂਰ ਸੰਸਥਾ (ILO) ਦੇ ਅਨੁਸਾਰ, ''ਲਿੰਗ, ਮਰਦ ਅਤੇ ਔਰਤ ਵਿਚਕਾਰ, ਸਮਾਜਿਕ ਵਖਰੇਵਿਆਂ ਵੱਲ ਇਸ਼ਾਰਾ ਕਰਦਾ ਹੈ, ਜੋਕਿ ਸਿੱਖੇ ਜਾਂਦੇ ਹਨ ਅਤੇ ਹਰੇਕ ਸਮਾਜ ਅਤੇ ਸੱਭਿਅਤਾ ਵਿੱਚ ਸਮੇਂ ਸਮੇਂ ਤੇ ਬਦਲਦੇ ਰਹਿੰਦੇ ਹਨ।''

**ਸ) ਸਮਾਜਿਕ ਸੰਰਚਨਾ ਦੇ ਤੌਰ ਤੇ ਲਿੰਗ ਦੀਆਂ ਉਦਾਹਰਨਾਂ ਅਤੇ ਸਮਾਜ ਅਤੇ ਸਮੇਂ ਅਨੁਸਾਰ ਇਹਨਾਂ ਵਿੱਚ ਫੇਰ-ਬਦਲ।**

ਕਈ ਸਮਾਜਾਂ ਵਿੱਚ ਲਿੰਗੀ ਰੋਲ ਦੂਜੇ ਸਮਾਜਾਂ ਦੀ ਤੁਲਨਾ ਵਿੱਚ ਬਹੁਤ ਕਠੋਰ ਹੁੰਦੇ ਹਨ। ਕੋਈ ਵੀ ਨਿਰਣਾ ਕਰਨ ਦੀ ਤਾਕਤ ਅਤੇ ਹਰੇਕ ਲਿੰਗ ਦੀ ਵਿੱਤੀ ਜਿੰਮੇਵਾਰੀ ਅਤੇ ਹੋਰ ਕਈ ਕੰਮ ਵੱਖ ਵੱਖ ਸੱਭਿਆਤਾਵਾਂ ਵਿੱਚ ਵੱਖੋ ਵੱਖਰੇ ਹਨ। ਵੱਖ-ਵੱਖ ਸੱਭਿਆਤਾਵਾਂ ਵਿੱਚ, ਪਰਿਵਾਰ ਵਿੱਚ ਵੀ ਅਲਗ-2 ਨਿਯਮ ਹਨ।

1. **ਉੱਚੀ ਅੱਡੀ ਆਦਮੀ ਲਈ ਜਾਂ ਔਰਤ ਲਈ:-** ਕਈ ਸਮਾਜਾਂ ਵਿੱਚ ਪੁਰਸ਼ ਔਰਤਾਂ ਦੀਆਂ ਭੂਮਿਕਾਵਾਂ ਨੂੰ ਵੱਖੋ ਵੱਖ ਨਿਭਾਉਂਦੇ ਨਜ਼ਰ ਆ ਰਹੇ ਹਨ ਅਤੇ ਕਈ ਸਮਾਜਾਂ ਵਿੱਚ ਇਸਤੋਂ ਉਲਟ ਨਜ਼ਰ ਆਉਂਦਾ ਹੈ। ਉਦਾਹਰਨ ਲਈ ਸੰਸਾਰ ਦੇ ਕਈ ਭਾਗਾਂ ਵਿੱਚ ਉਚੀ ਅੱਡੀ ਦੇ ਜੁੱਤੇ ਉਚੇ ਵਰਗ ਦੇ ਮਰਦਾਂ ਲਈ ਹੁੰਦੇ ਸਨ ਜੋ ਸ਼ਿਕਾਰ ਕਰਦੇ ਸਨ। ਪਰੰਤੂ ਹੁਣ ਹੋਲੀ ਉੱਚੀ ਅੱਡੀ ਔਰਤਾਂ ਲਈ ਹੀ ਮੰਨੀ ਜਾਣ ਲੱਗ ਗਈ। ਕੁਦਰਤੀ ਤੌਰ ਤੇ ਅਜਿਹਾ ਕੁਝ ਵੀ ਨਹੀਂ ਹੈ। ਇਹ ਸਭ ਸਮਾਜਿਕ ਨਿਯਮਾਂ ਦੁਆਰਾ ਹੀ ਬਣਿਆ ਹੈ।

2. **ਕੁੜੀਆਂ ਲਈ ਗੁਲਾਬੀ ਅਤੇ ਮੁੰਡਿਆਂ ਲਈ ਨੀਲਾ?**

   ਕਈ ਦੇਸ਼ਾਂ ਵਿੱਚ ਕੁੜੀਆਂ ਨੂੰ ਪਹਿਨਾਉਣ ਲਈ ਗੁਲਾਬੀ ਰੰਗ ਜਦੋਂ ਕਿ ਮੁੰਡਿਆਂ ਲਈ ਨੀਲਾ ਰੰਗ ਪ੍ਰਯੋਗ ਕੀਤਾ ਜਾਂਦਾ ਹੈ। ਨਵਜੰਮਿਆ ਬੱਚਿਆਂ ਲਈ ਚਿੱਟੇ ਕਪੜਿਆਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜਦੋਂ ਤੱਕ ਕਿ ਰੰਗ -ਬਿਰੰਗੇ ਕਪੜਿਆਂ ਦੀ ਸ਼ੁਰੂਆਤ 19ਵੀ ਸਦੀ ਦੇ ਮੱਧ ਵਿੱਚ ਹੋਈ ਸੀ। ਅਰਨਸੋਅ ਦੇ ਨਵ ਜੰਮੇਂ ਬੱਚਾ ਵਿਭਾਗ ਵੱਲੋਂ 1918 ਵਿੱਚ ਇੱਕ ਤੁੱਕ ਪ੍ਰਕਾਸ਼ਿਤ ਕੀਤੀ ਗਈ, ''ਆਮ ਤੌਰ ਤੇ ਮੁੰਡਿਆਂ ਲਈ ਗੁਲਾਬੀ ਅਤੇ ਕੁੜੀਆਂ ਲਈ ਨੀਲਾ ਰੰਗ ਵਰਤੇ ਜਾਣ ਦਾ ਨਿਯਮ ਹੈ।'' ਕਾਰਨ ਇਹ ਹੈ ਕਿ ਗੁਲਾਬੀ ਰੰਗ ਜਿਆਦਾ ਨਿਰਨਾਤਕ ਅਤੇ ਮਜਬੂਤ ਰੰਗ ਹੈ ਜੋ ਕਿ ਮੁੰਡਿਆਂ ਲਈ ਜ਼ਿਆਦਾ ਉਪਯੁਕਤ ਹੈ। ਜਦੋਂ ਕਿ ਨੀਲਾ ਰੰਗ ਜ਼ਿਆਦਾ ਨਾਜ਼ੁਕ ਅਤੇ ਸੁੰਦਰ ਹੋਣ ਕਾਰਨ ਕੁੜੀਆਂ ਦੀ ਉਪਯੁਕਤ ਹੈ। ਇਸੇ ਪ੍ਰਕਾਰ ਅੱਗੇ ਚੱਲਦਿਆਂ 100 ਸਾਲਾਂ ਬਾਦ ਕਈ ਦੇਸ਼ਾਂ ਵਿੱਚ ਮੁੰਡਿਆਂ ਦੇ ਗੁਲਾਬੀ ਰੰਗ ਦੇ ਕੱਪੜੇ ਪਾਏ ਲੱਭਣੇ ਔਖੇ ਹੋ ਗਏ।

## 1.4 ਲਿੰਗ ਦੀ ਸੱਭਿਆਚਾਰਕ ਸਿਰਜਣਾ /ਸੰਰਚਨਾ:-

ਜਿਸ ਵਿੱਚ ਕੁਝ ਸੱਭਿਆਚਾਰਕ ਸੰਰਚਨਾ ਦਾ ਅਰਥ ਉਸ ਵਿਚਾਰ ਤੋਂ ਹੈ ਜਿਸ ਵਿੱਚ ਕੁਝ ਸਮਾਜਿਕ ਵਰਗ ਦੇ ਕੁੱਝ ਗੁਣਾਂ ਨੂੰ, ਜਿਵੇਂ ਕਿ ਬੀਮਾਰੀ ਮੌਤ, ਲਿੰਗ, ਔਰਤ ਦਾ ਪੱਧਰ ਅਤੇ ਵਿਅਕਤੀ ਦੇ ਪੱਧਰ ਨੂੰ, ਲੋਕਾਂ ਦੁਆਰਾ ਸੱਭਿਆਚਾਰਕ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੋਵੇ। ਸੱਭਿਆਚਾਰਕ ਸੰਰਚਨਾ ਉਹ ਹੈ ਜੋਕਿ ਕਿਸੇ ਵੀ ਵਿਅਕਤੀ ਦੇ ਸੱਭਿਆਚਾਰਕ ਪਿਛੋਕੜ ਨੂੰ ਦੱਸਦੀ ਹੋਵੇ ਨਾਂਕਿ ਉਹ ਜੋ ਮਨੁੱਖੀ ਸੁਭਾਅ ਦਾ ਕੋਈ ਪੱਖ ਹੋਵੇ ਜਾਂ ਜੀਵ-ਵਿਗਿਆਨ ਵਿੱਚ ਸਰਵਵਿਆਪਕ ਹੋਵੇ।

**ਉਦਾਹਰਨਾਂ :-**

1) ਲਿੰਗੀ ਪ੍ਰਜਣਨ ਜੈਵਿਕ ਹੁੰਦਾ ਹੈ। ਦੂਜੇ ਪਾਸੇ, ਇਹ ਲਿੰਗੀ ਵਿਚਾਰ ਕਿ ਮੁੰਡਿਆਂ ਲਈ ਨੀਲੇ ਖਿਡੌਣੇ ਅਤੇ ਕੁੜੀਆਂ ਲਈ ਗੁਲਾਬੀ ਖਿਡੌਣੇ ਚਾਹੀਦੇ ਹੁੰਦੇ ਹਨ। ਇਹ ਇੱਕ ਸੱਭਿਆਚਾਰਕ ਸੰਰਚਨਾ ਹੈ।
2) ਮੌਤ ਦੀ ਸੱਚਾਈ ਅਤੇ ਮਨੁੱਖ ਦੀ ਸਾਸ਼ਸਾਨਤਾ ਜੈਵਿਕ ਹੁੰਦੀ ਹੈ। ਪਰੰਤੂ ਇਹ ਵਿਚਾਰ ਕਿ ਸੰਸਕਾਰ 'ਤੇ ਜਾਂਦੇ ਸਮੇਂ ਪੱਛਮ ਵਿੱਚਕਾਲੇ ਕੱਪੜੇ ਪਾਏ ਜਾਂਦੇ ਹਨ ਤੇ ਜਾਪਾਨ ਵਿੱਚ ਚਿੱਟੇ ਕੱਪੜੇ ਪਾਏ ਜਾਂਦੇ ਹਨ। ਇਹ ਸੱਭਿਆਚਾਰਕ ਸੰਰਚਨਾ ਹੈ।
3) ਰੰਗ ਦੇਖਣ ਦੀ ਯੋਗਤਾ ਵੀ ਜੈਵਿਕ ਹੁੰਦੀ ਹੈ, ਜੋਕਿ ਅੱਖ ਦੇ ਰੋਡ ਅਤ ਸੰਕੂਆਂ ਤੇ ਆਧਾਰਿਤ ਹੁੰਦੀ ਹੈ ਪਰੰਤੂ ਕਈ ਸੱਭਿਅਤਾਵਾਂ ਵਿੱਚ ਰੰਗਾਂ ਨੂੰ ਦੇਖਣ ਸੰਬੰਧੀ ਵੀ ਵੱਖ-ਵੱਖ ਵਿਚਾਰਧਾਰਵਾਂ ਹੁੰਦੀਆਂ ਹਨ ਜੋਕਿ ਵੱਖ-ਵੱਖ ਸੱਭਿਆਤਾਵਾਂ ਦੀ ਦੇਣ ਹੁੰਦੀ ਹੈ।
4) ਗਣਿਤ ਲਈ ਵੀ ਇਸੇ ਪ੍ਰਕਾਰ ਹੁੰਦਾ ਹੈ ਕਿਉਂਕਿ ਗਣਿਤ ਅਰਬੀ ਨੰਬਰ (1, 2, 3, 4) ਅਤੇ ਰੋਮਸ ਨੰਬਰ (I, II, III, IV) ਵੱਖ-2 ਸੱਭਿਆਚਾਰਾ ਦੀ ਦੇਣ ਹਨ।
5) ਇਹ ਵੀ ਸਮਾਜਿਕ ਸੰਰਚਨਾ ਦੀ ਹੀ ਦੇਣ ਹੈ ਕਿ ਅਮਰੀਕਾ ਵਿੱਚ ਲੋਕ ਸੱਜੇ ਹੱਥ ਗੱਡੀ ਚਲਾਉਂਦੇ ਹਨ ਪਰੰਤੂ ਬ੍ਰਿਟੇਨ ਵਿੱਚ ਖੱਬੇ ਹੱਥ ਚਲਾਉਂਦੇ ਹਨ।
6) ਇਹ ਵੀ ਸੱਭਿਆਚਾਰਕ ਸੰਰਚਨਾ ਹੈ ਕਿ ਅਮਰੀਕਾ ਵਿੱਚ ਔਰਤਾਂ ਸਕਰਟ ਪਾਉਂਦੀਆਂ ਹਨ ਤੇ ਪੁਰਸ਼ ਸਕਰਟ ਨਹੀਂ ਪਹਿਨਦੇ ਪਰੰਤੂ ਸਕਾਟਲੈਂਡ ਵਿੱਚ ਪੁਰਖ ਵੀ ਸਕਰਟ ਪਾਉਂਦੇ ਹਨ ਜਿਸ ਨੂੰ "ਕਿਲਟਸ" ਕਿਹਾ ਜਾਂਦਾ ਹੈ।

**ਸਾਰੰਸ :-**ਵੱਖ-ਵੱਖ ਸਭਿਆਚਾਰ ਵਿਚ ਵਖਰੇ-ਵਖਰੇ ਸੰਮੇਲਨ, ਕਾਨੂੰਨ, ਵਿਚਾਰ, ਉਮੀਦਾਂ ਆਦਿ ਹੁੰਦੇ ਹਨ ਜੋ ਸਮਾਜਿਕ ਸੰਰਚਨਾ ਦਾ ਨਿਰਮਾਣ ਕਰਦੇ ਹਨ।

**ੳ) ਲਿੰਗ:- ਇੱਕ ਸੱਭਿਆਚਾਰ -ਸੰਰਚਨਾ:-** ਲਿੰਗ ਇੱਕ ਸੱਭਿਆਚਾਰ ਸੰਰਚਨਾ ਹੈ ਜੋ ਇੱਕ ਵਾਤਾਵਰਣ ਤਿਆਰ ਕਰਦਾ ਹੈ ਉਦਾਹਰਣ ਲਈ ਜਿੱਥੇ ਇੱਕ ਕਿਸ਼ੋਰ ਦਾ ਹਾਈ ਸਕੂਲ ਵਿੱਚ ਪ੍ਰਦਰਸ਼ਨ ਉਹਨਾਂ ਦਾ ਜ਼ਿੰਦਗੀ ਦੇ ਉਦੇਸ਼ਾਂ ਅਤੇ ਉਮੀਦਾਂ ਨਾਲ ਸਬੰਧ ਰੱਖਦਾ ਹੈ। ਉਥੇ ਜ਼ਿਆਦਾਤਰ ਜਵਾਨ ਔਰਤਾਂ ਜਾਣਦੀਆਂ ਹਨ ਕਿ ਉਹਨਾਂ ਨੇ ਮਾਂ ਅਤੇ ਪਤਨੀ ਬਣਨਾ ਹੈ ਉਹਨਾਂ ਦੇ ਕਿੱਤੇ ਦੀ ਚੋਣ ਅਤੇ ਭਵਿੱਖੀ ਉਦੇਸ਼ ਵੀ ਲਿੰਗੀ ਬੰਧਕਾ ਕਰਕੇ ਉਸੇ ਤਰ੍ਹਾਂ ਹੀ ਚੁਣੇ ਜਾਂਦੇ ਹਨ।

ਲਿੰਗ ਨੂੰ ਸੱਭਿਆਚਾਰਿਕ ਸੰਰਚਨਾਂ ਦੀ ਤਰ੍ਹਾਂ ਸਮਝਣ ਲਈ ਇਸਨੂੰ ਤਿੰਨ ਧਾਰਨਾਵਾਂ ਦੀ ਮਦਦ ਨਾਲ ਸਮਝਦੇ ਹਾਂ। ਸੈਕਸ, ਲਿੰਗ ਅਤੇ ਸੈਕਸੁਐਲਿਟੀ। ਸੈਕਸ ਦੀ ਧਾਰਣਾ ਮਨੁੱਖ ਦੀਆਂ ਜੈਵਿਕ ਵਿਸ਼ੇਸ਼ਤਾਵਾਂ ਵੱਲ ਇਸ਼ਾਰਾ ਕਰਦੀ ਹੈ। ਇਸ ਪ੍ਰਕਾਰ ਹਰੇਕ ਥਾਂ ਤੇ ਮਨੁੱਖਾ ਦੇ ਦੋ ਸੈਕਸ ਹੁੰਦੇ ਹਨ, ਬਸ ਕੁ ਉਹਨਾਂ ਨੂੰ ਛੱਡਕੇ ਜਿਨ੍ਹਾਂ ਵਿੱਚ ਕੁਝ ਹਾਰਮੋਨਲ ਮੁਸ਼ਕਿਲਾਂ ਹੁੰਦੀਆਂ ਹਨ ਅਤੇ ਉਹ ਤੀਜਾ ਲਿੰਗ ਬਣ ਜਾਂਦੇ ਹਨ। ਇਸ ਤੋਂ ਅਲਾਵਾਂ ਹਰੇਕ

ਸੱਭਿਆਚਾਰ ਵਿੱਚ ਸੈਕਸੁਅਲ ਸਰੀਰ ਵਿਗਿਆਨ (ਫਿਜਿਉਲੋਜੀ) ਨੂੰ ਠੀਕ ਤਰ੍ਹਾਂ ਪ੍ਰਯੋਗ ਕਰਨ ਦੇ ਵਰਨਣ ਸੰਬਧੀ ਕੁਝ ਨਿਯਮ ਹੁੰਦੇ ਹਨ।

ਲਿੰਗ ਦੀ ਸੱਭਿਅਕ ਸੰਰਚਨਾਇੱਕ ਵਿਸੇਸ਼ ਸੱਭਿਆਤਾ ਦੇ ਸੱਭਿਆਚਾਰ ਦੇ ਕੁਝ ਨਿਯਮਾਂ, ਕੀਮਤਾ ਅਤੇ ਪ੍ਰਕ੍ਰਿਤੀ ਵੱਲ ਇਸ਼ਾਰਾ ਕਰਦੀ ਹੈ ਕਿ ਕਿਸੇ ਖਾਸ ਇੱਕ ਜਾਂ ਹੋਰ ਜੈਵਿਕ ਸੈਕਸ ਲਈ ਹੀ ਨਿਰਧਾਰਿਤ ਹੁੰਦੀ ਹੈ। ਸੈਕਸੁਐਲਿਟੀ ਇਸਤੋਂ ਜਿਆਦਾ ਵਿਅਕਤੀਗਤ ਧਾਰਨਾ ਹੈ ਜੋ ਕਿ ਵਿਅਕਤੀਆਂ ਦੇ ਸੈਕਸੁਅਲ ਢਾਚੇ ਅਤੇ ਲਿੰਗੀ ਪ੍ਰਦਰਸ਼ਨਾ ਦੇ ਤਰੀਕਿਆਂ ਵੱਲ ਇਸਾਰਾ ਕਰਦਾ ਹੈ, ਅਤੇ ਨਾਲ ਹੀ ਉਹਨਾਂ ਦੇ ਸਾਥੀਆਂ ਵੱਲ ਵੀ ਇਸ਼ਾਰਾ ਕਰਦਾ ਹੈ ਜੋ ਉਹਨਾਂ ਦੇ ਸੁਭਾਅ ਅਤੇ ਸੰਵੇਦੀ ਭਾਵਨਾਵਾਂ ਨੂੰ ਉਹਨਾਂ ਵੱਲ ਨਿਰਦੇਸ਼ਿਤ ਕਰਦੇ ਹਨ।

**ਅ) ਇੰਟਰਸੈਕਸ਼ਐਲਿਟੀ:–** ਲਿੰਗ ਦੀ ਸੱਭਿਅਕ ਸੰਰਚਨਾ ਨੂੰ ਸਮਝਣ ਲਈ, ਸਭ ਤੋਂ ਪਹਿਲਾਂ ਅਸੀਂ ਇੰਟਰਸੈਕਸੁਐਲਿਟੀ ਦੀ ਧਾਰਨਾ ਸਮਝਦੇ ਹਾਂ। ਇੰਟਰਸੈਕਐਲਿਟੀ ਇੱਕ ਪ੍ਰਕਾਰ ਦੀ ਜੈਨੇਟਿਕ ਅਤੇ ਹਾਰਮੋਨ ਦਾ ਵਿਕਾਰ ਹੈ ਜੋ ਕਿ ਕਦੇ੍ਕਦੇ ਹੁੰਦਾ ਹੈ ਭਾਵ ਜਦੋਂ ਬੱਚੇ ਦੇ ਜਨਮ ਸਮੇਂ ਉਸਦੇ ਮੁੰਡਾ ਜਾਂ ਕੁੜੀ ਹੋਣ ਬਾਰੇ ਪਤਾ ਨਹੀਂ ਚੱਲਦਾ। ਭਾਰਤ ਵਿੱਚ ਇਹਨਾਂ ਨੂੰ ਟ੍ਰਾਂਸਜੈਂਡਰ ਕਿਹਾ ਜਾਂਦਾ ਹੈ ਜੋ ਕਿ ਆਪਣੇ ਪਰਿਵਾਰ ਨਾਲ ਨਹੀਂ ਰਹਿ ਸਕਦੇ। ਉਹ ਆਪਣੇ ਸਮੂਹ ਦੇ ਟ੍ਰਾਂਸਜੈਂਡਰਾ ਵਿੱਚ ਹੀ ਰਹਿੰਦੇ ਹਨ ਅਤੇ ਉੱਥੇ ਹੀ ਉਹਨਾਂ ਦਾ ਪਾਲਣ੍ਪੋਸ਼ਣ ਹੁੰਦਾ ਹੈ। ਉਹ ਕਿਸੇ ਪੁਰਖ ਜਾਂ ਇਸਤਰੀ ਨਾਲ ਵਿਆਹ ਨਹੀਂ ਕਰ ਸਕਦਾ।

ਕੀਨੀਆਂ ਵਿੱਚ ਅਜਿਹੇ ਲੋਕਾਂ ਨੂੰ 'ਪੋਕੋਟਸ' ਕਿਹਾ ਜਾਂਦਾ ਹੈ। ਉਹ ਇਸ ਤਰ੍ਹਾਂ ਦੇ ਲੋਕਾਂ ਨੂੰ ਬਹੁਤ ਹੀ ਮੰਦਭਾਗੀ ਘਟਨਾ ਕਹਿੰਦੇ ਹਨ ਅਤੇ ਜਨਮ ਦੇ ਸਮੇਂ ਹੀ ਇਹਨਾਂ ਮਾਰ ਦਿੰਦੇ ਹਨ। ਜੇਕਰ ਉਹ ਜ਼ਿੰਦਾ ਰਹਿ ਵੀ ਜਾਂਦੇ ਹਨ ਤਾਂ ਉਹ ਆਮ ਲੋਕਾਂ ਤੋਂ ਅਲੱਗ ਰਹਿੰਦੇ ਹਨ। ਅਮਰੀਕਾ ਵਿੱਚ ਅਜਿਹੇ ਲੋਕਾਂ ਨੂੰ 'ਕੁਦਰਤ ਦੀ ਗਲਤੀ' ਕਿਹਾ ਜਾਂਦਾ ਹੈ। ਅਜਿਹੇ ਲੋਕਾਂ ਨੂੰ ਪੁਰਸ਼ ਜਾਂ ਇਸਤਰੀ ਦੇ ਵਰਗ ਵਿੱਚ ਰੱਖਣ ਲਈ ਸਰਜੀਕਲ ਇਲਾਜ ਵੀ ਕੀਤਾ ਜਾਂਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਅਜਿਹੇ ਵਿਕਾਰਾਂ ਨੂੰ ਠੀਕ ਕਰਕੇ ਉਸ ਵਿਅਕਤੀ ਨੂੰ ਸਮਾਜ ਅਤੇ ਸੱਭਿਅਤਾ ਲਈ ਫਿਟ ਕੀਤਾ ਜਾ ਸਕੇ। ਸਾਰੰਸ਼, ਅਸੀਂ ਕਹਿ ਸਕਦੇ ਹਾਂ ਕਿ ਸੱਭਿਅਕ ਤੌਰ 'ਤੇ ਸਵੀਕ੍ਰਿਤ ਲਿੰਗ ਸਿਰਫ ਪੁਰਖ ਅਤੇ ਇਸਤਰੀ ਹੈ।

**ੲ) ਦੋ –ਧਰੁਵੀ ਸੰਰਚਨਾ:–**ਹੁਣ ਅਸੀਂ ਸੱਭਿਆਚਾਰ ਦੁਆਰਾ ਸਵੀਕ੍ਰਿਤ ਲਿੰਗ ਮੁੰਡੇ ਅਤੇ ਕੁੜੀਆਂ ਜਾਂ ਮਰਦ ਅਤੇ ਔਰਤਾਂ ਬਾਰੇ ਵਿਚਾਰ–ਚਰਚਾ ਕਰਾਂਗੇ। ਅਸੀਂ ਇੱਥੇ ਇੱਕ ਕਿਸ਼ੋਰ ਉਮਰ ਤੋਂ ਪਹਿਲਾਂ ਦੇ ਮੁੰਡੇ ਦੀ ਉਦਾਹਰਨ ਲਵਾਂਗੇ ਜੋ ਕੁਝ ਅਜਿਹੀਆਂ ਗਤੀਵਿਧੀਆਂ ਜਾਂ ਸੁਭਾਅ ਤੋਂ ਗੁਰੇਜ ਕਰਦਾ ਹੈ ਜਿਨ੍ਹਾਂ ਗਤੀਵਿਧੀਆਂ ਨੂੰ 'ਕੁੜੀਆਂ' ਵਾਲੀਆਂ ਗਤੀਵਿਧੀਆਂ ਕਿਹਾ ਜਾਂਦਾ ਹੈ ਜਾਂ ਫਿਰ ਕਿਸ਼ੋਰ ਉਮਰ ਤੋਂ ਪਹਿਲਾਂ ਦੀਆਂ ਕੁੜੀਆਂ ਜੋ ਮੁੰਡਿਆਂ ਵਾਲੀ ਹਰਕਤਾਂ ਕਰਦੀਆਂ ਹਨ। ਹੋਰ ਉਦਾਹਰਣਾਂ ਜਿਵੇਂ ਕਿ ਘਰ ਦੇ ਕੰਮ ਸਿਰਫ ਔਰਤਾਂ ਲਈ ਹੁੰਦੇ ਹਨ ਅਤੇ ਉਹ ਮਾਂਪੁਣਾ, ਬੱਚਿਆਂ ਦੀ ਸੰਭਾਲ ਅਤੇ ਪਤਨੀ ਦੀ ਭੂਮਿਕਾਵਾਂ ਅਦਾ ਕਰਦੀ ਹੈ। ਆਦਮੀ ਚੰਗੇ ਘਰ ਚਲਾਉਣ ਵਾਲੇ ਹੁੰਦੇ ਹਨ।

ਭਾਰਤ ਵੱਲ ਝਾਤੀ ਮਾਰਦੇ ਹਾਂ। ਇੱਥੇ ਸਿਰਫ ਕੁਝ ਖਾਸ ਕੰਮ ਹੀ ਔਰਤ ਲਈ ਨਿਰਧਾਰਿਤ ਕੀਤਾ ਜਾਂਦੇ ਹਨ ਜਿਵੇਂ ਕਿ ਵਿਆਹਾਂ 'ਤੇ ਗੀਤ ਗਾਣੇ, ਉਹਨਾਂ ਲਈ ਨਿਰਧਾਰਿਤ ਕੀਤੇ ਕੱਪੜੇ ਪਾਉਣੇ, ਬੱਚਿਆਂ ਦਾ ਪਾਲਣ–ਪੋਸ਼ਣ ਕਰਨਾ ਅਤੇ ਮਾਂ ਦੇ ਰੋਲ ਅਦਾ ਕਰਨੇ ਆਦਿ। ਕੁੜੀਆਂ ਨੂੰ ਹੋਲੀ ਅਵਾਜਾਂ ਵਿੱਚ ਗੱਲ ਕਰਨ ਲਈ ਕਿਹਾ ਜਾਂਦਾ ਹੈ। ਆਮਤੌਰ 'ਤੇ ਅਜਿਹੀਆਂ ਪਾਬੰਦੀਆਂ ਮੁੰਡਿਆਂ ਲਈ ਨਹੀਂ ਹੁੰਦੀਆਂ। ਇੱਕ ਖਾਸ ਪਹਿਰਾਵੇ 'ਸਲਵਾਰ' ਵੱਲ ਨਿਗ੍ਹਾ ਮਾਰਦੇ ਹਾਂ। ਭਾਰਤ ਵਿੱਚ ਇਹ ਔਰਤਾਂ ਦੀ ਇੱਕ ਪਾਰੰਪਰਿਕ ਪਹਿਰਾਵਾ ਹੈ ਜਦੋਂਕਿ ਪਾਕਿਸਤਾਨ ਵਿੱਚ ਇਹ ਮਰਦਾਂ ਦਾ ਇੱਕ ਪਾਰੰਪਰਿਕ ਪਹਿਰਾਵਾ ਹੈ।

ਅਸੀਂ ਇਹ ਦੇਖਿਆ ਹੈ ਕਿ ਹਰੇਕ ਸੱਭਿਅਤਾ ਆਦਮੀ ਅਤੇ ਔਰਤਾ ਦੀ ਭੂਮਿਕਾਵਾਂ, ਜ਼ਿੰਮੇਵਾਰੀਆਂ ਅਤੇ ਸਥਿਤੀਆਂ ਵਿਚਕਾਰ ਕੁਝ ਅੰਤਰ ਰੱਖਦੀ ਹੈ। ਇਸ ਲਈ ਇਹ ਸਧਾਰਨੀਕਰਨ ਕੀਤਾ ਜਾ ਸਕਦਾ ਹੈ ਕਿ ਲਿੰਗ ਸੱਭਿਅਤਾ ਦੁਆਰਾ ਬਣਾਏ ਜਾਂਦੇ ਹਨ।

## 1.5 ਲਿੰਗ ਦੀ ਮਨੋਵਿਗਿਆਨਿਕ ਸੰਰਚਨਾ:-

ਲਿੰਗ ਬਹੁਤ ਸਾਰੇ ਸੁਭਾਅ ਸੰਬੰਧੀ ਪੱਖਾਂ ਨੂੰ ਸਮਝਣ ਲਈ ਇੱਕ ਬਹੁਤ ਮਹੱਤਵਪੂਰਨ ਕਾਰਨ ਮੰਨਿਆ ਜਾਂਦਾ ਹੈ। ਮਨੋਵਿਗਿਆਨ ਵਿੱਚ, ਲਿੰਗ ਨੂੰ ਇਸਦੀ ਸਮਾਜਿਕ ਅਤੇ ਵਿਚਾਰਧਾਰਕ ਮਹੱਤਤਾ ਤੋਂ ਬਿਨਾਂ ਪ੍ਰਯੋਗ ਕੀਤਾ ਜਾਂਦਾ ਹੈ। ਆਮਤੌਰ ਤੇ ਮਨੋਵਿਗਿਆਨਿਕ ਲਿੰਗ ਨੂੰ ਆਪਣੀਆਂ ਅਨੁਭਵੀ ਖੋਜਾਂ ਵਿੱਚ ਵੱਖ-ਵੱਖ ਢੰਗ ਨਾਲ ਵਰਤਦੇ ਹਨ:-

ੳ) ਸੈਕਸ ਪਰਿਵਰਤਨ ਦੇ ਅੰਦਰ ਲਿੰਗੀ ਭਿੰਨਤਾਵਾਂ ਦੀ ਮਹੱਤਤਾ ਦਰਸਾਉਣ ਲਈਂ

ਅ) ਲਿੰਗ ਸਬੰਧੀ ਸ਼ਕਤੀ ਸਬੰਧ ਜੋਕਿ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਅਤੇ ਗੱਲਬਾਤ ਦੀ ਸੰਚਰਨਾ ਕਰਦੇ ਹਨ।

ਲਿੰਗ ਦਾ ਮਨੋਵਿਗਿਆਨਿਕ ਪਹਿਲੂ 'ਸੈਕਸ ਵਖਰੇਵੇਂ" ਦੀ ਪਹੁੰਚ ਦੇ ਅਨੁਸਾਰ, ਮਨੋ-ਵਿਗਿਆਨਿਕ ਦੋ ਸੈਕਸਾਂ ਦੇ ਸੁਭਾਅ, ਸਖਸੀਅਤ, ਯੋਗਤਾ ਅਤੇ ਪ੍ਰਦਰਸ਼ਨ ਵਿੱਚ ਅੰਤਰ ਨੂੰ ਇਸ ਅਨੁਸਾਰ ਮੰਨਦੇ ਹਨ ਕਿ ਇਹ ਵਖਰੇਵੇਂ ਪੁਰਸ਼ਾਂ ਅਤੇ ਔਰਤਾਂ ਵਿੱਚਕਾਰ ਪਹਿਲਾਂ ਤੋਂ ਮੌਜੂਦ ਜਰੂਰੀ ਵਖਰੇਵਿਆਂ ਕਰਕੇ ਪੈਦਾ ਹੁੰਦੇ ਹਨ।

ਮਨੋਵਿਗਿਆਨਿਕ ਇਹ ਵੀ ਮੰਨਦੇ ਹਨ ਕਿ ਸਿਰਫ਼ ਉਹਨਾਂ ਦੇ ਮੁੱਖ ਗੁਣਾਂ ਵਿੱਚ ਹੀ ਅੰਤਰ ਨਹੀਂ ਹੁੰਦਾ ਬਲਕਿ ਗੈਰ ਉਵਰਲੈਪਿੰਗ ਵੰਡ ਜਿਵੇਂ ਇਜੈਕੁਲੇਸ਼ਨ, ਗਰਭਾਵਸਥਾ, ਬੱਚੇ ਦਾ ਜਨਮ ਅਤੇ ਦੁੱਧ ਚੰਘਾਊਣ ਆਦਿ ਕਿਰਿਆਵਾਂ ਵਿੱਚ ਵੀ ਅੰਤਰ ਹੁੰਦਾ ਹੈ। ਮਨੋਵਿਗਿਆਨਿਕ ਇੰਨੀਆਂ ਜ਼ਿਆਦਾ ਜੈਵਿਕ ਵਿਭਿੰਨਤਾਵਾਂ ਨੂੰ ਲੱਭਣ ਵਿੱਚ ਔਖ ਮਹਿਸੂਸ ਕਰਦੇ ਹਨ।

ਇਥੋਂ ਤੱਕ ਕਿ, ਮਨੋਵਿਗਿਆਨਿਕਾਂ ਨੇ ਇਹ ਵੀ ਨੋਟ ਕੀਤਾ ਹੈ ਕਿ ਸੈਕਸ ਵਖਰੇਵਿਆਂ ਵੱਲ ਫੋਕਸ ਕਰਦਿਆਂ ਅਸੀਂ ਸੈਕਸ ਵਿਚਲੇ ਸੈਕਸ ਵਖਰੇਵਿਆਂ ਨੂੰ ਨਹੀਂ ਦੇਖਦੇ, ਅਤੇ ਇਸ ਲਈ ਸੈਕਸ ਵਖਰੇਵਿਆਂ ਸਬੰਧੀ ਲੋਕਾਂ ਦੇ ਮਨਾਂ ਵਿੱਚ ਬਹੁਤ ਗਲਤ ਧਾਰਨਾਵਾਂ ਬਣ ਜਾਂਦੀਆਂ ਹਨ। ਉਦਾਹਰਨ ਦੇ ਲਈ, ਇਹ ਦੇਖਿਆ ਗਿਆ ਹੈ ਕਿ ਗਣਿਤ ਦੀ ਪ੍ਰਦਰਸ਼ਨੀ ਵਿੱਚ ਮੁੰਡੇ ਕੁੜੀਆਂ ਨਾਲੋਂ ਜਿਆਦਾ ਵਧੀਆਂ ਪ੍ਰਦਰਸ਼ਨ ਕਰਦੇ ਹਨ ਅਤੇ ਮੁੱਖ ਤੌਰ 'ਤੇ ਇਹ ਕਿਸੇ ਵਿਅਕਤੀ ਵੱਲੋਂ ਆਪਣੇ ਬੱਚਿਆਂ ਦੀ ਗਣਿਤ ਯੋਗਤਾ ਸਬੰਧੀ ਇੱਕ ਕਠੋਰ ਵਿਚਾਰ ਹੈ।

ਲਿੰਗ ਸਿਰਫ ਸੈਕਸ ਵਖਰੇਵਿਆਂ ਨੂੰ ਹੀ ਨਹੀਂ ਦੇਖਦਾ ਬਲਕਿ ਸਮਾਜਿਕ ਸਿਰਜਨਾ ਤੇ ਵੀ ਚਲਾਦ ਹੈ। ਸਮਾਜ ਨੇ ਬਹੁਤ ਸਾਰੇ ਨਿਯਮ ਬਣਾਏ ਹਨ ਜੋ ਕਿ ਦੋਵੇ ਲਿੰਗਾਂ ਲਈ ਵੱਖੋ ਵੱਖਰੇ ਹਨ।

ਇਸ ਪ੍ਰਕਾਰ, ਉਪਰੋਕਤ ਪਹਿਲੂਆਂ 'ਤੇ ਵਿਚਾਰ ਕਰਨ ਮਗਰੋਂ ਅਸੀਂ ਇਹ ਸਾਰ ਕੱਢ ਸਕਦੇ ਹਾਂ ਕਿ ਜੈਵਿਕ ਪਹਿਲੂ, ਲਿੰਗ ਦੇ ਸਮਾਜਿਕ ਸੰਰਚਨਾ' ਤੇ ਪ੍ਰਭਾਵ ਪਾਉਂਦਾ ਹੈ।

ਮਨੋਵਿਗਿਆਨ ਦੇ ਲਿੰਗ ਨਾਲ ਜੁੜੇ ਹੋਰ ਪਹਿਲੂ ਸੁਖਸੀਅਤ ਵਖਰੇਵਿਆਂ ਨਾਲ ਸੰਬੰਧਿਤ ਹਨ ਅਤੇ ਨਾਲ ਹੀ ਪਛਾਣ ਸੰਕਟ ਦੇ, ਜਿਸ ਦਾ ਦੋਨੋਂ ਲਿੰਗ ਸਾਹਮਣਾ ਕਰਦੇ ਹਨ।

## 1.6 ਸੁਝਾਏ ਪ੍ਰਸ਼ਨ :

1. ਲਿੰਗ ਨੂੰ ਪਰਿਭਾਸ਼ਿਤ ਕਰੋ, ਲਿੰਗ ਦੀ ਧਾਰਨਾ ਦੀ ਵਿਆਖਿਆ ਕਰੋ।
2. 'ਸੈਕਸ' ਅਤੇ 'ਲਿੰਗ' ਦੀ ਧਾਰਨਾ ਅਰਥ ਲਿਖੋ। ਇਹਨਾਂ ਦੋਹਾਂ ਵਿੱਚ ਅੰਤਰ ਸਪਸ਼ਟ ਕਰੋ।
3. ਸਮਾਜਿਕ ਸੰਰਚਨਾ ਕੀ ਹੁੰਦੀ ਹੈ? ਲਿੰਗ ਨੂੰ ਸਮਾਜਿਕ ਸੰਰਚਨਾ ਦੀ ਤਰ੍ਹਾਂ ਵਿਆਖਿਆ ਕਰਦੇ ਹੋਏ ਇਸਦੀ ਪਰਿਭਾਸ਼ਾ ਲਿਖੋ।
4. ਸਮਾਜ ਵਿੱਚ ਸੈਕਸ ਵਰਗਲਿੰਗ ਵਰਗ ਕਿਵੇਂ ਬਣ ਜਾਂਦਾ ਹੈ?
5. ਸਮਾਜ ਵਿੱਚ ਸਥਾਨ ਅਤੇ ਸਮੇਂ ਦੇ ਅਨੁਸਾਰ ਬਦਲਦੇ ਹੋਏ ਲਿੰਗ ਦੀ ਸਮਾਜਿਕ ਸੰਰਚਨਾ ਦੇ ਤੌਰ 'ਤੇ ਵਿਆਖਿਆ ਕਰੋ।
6. ਲਿੰਗ ਦੀ ਸੱਭਿਆਚਾਰਕ ਸੰਰਚਨਾ ਕੀ ਹੈ? ਉਦਾਹਰਨਾਂ ਦਿਓ।
7. ਲਿੰਗ ਦੀ ਸਮਾਜਿਕ ਸੰਰਚਨਾ ਦੇ ਤੌਰ ਤੇ ਵਿਆਖਿਆ ਕਰੋ।

## 1.7 ਸੁਝਾਈਆਂ ਪੜ੍ਹਤਾਂ :

1. Goyal, S. (2017). Gender, School and Society. Twentyfirst Century Publications, Patiala.
2. www.google.com/search?q=gender+meaning&rlz=1C1CHBD_enIN905IN905&oq=Gender+ me&aqs=chrome.0.0l2j69i57j0l5.10557j1j15&sourceid=chrome&ie=UTF-8
3. https://www.google.com/search?rlz=1C1CHBD_enIN905IN905&sxsrf=ALeKk03KnsZBTNrAEQ _dcRyooWJeEoBChw%3A1598373397932&ei=FT5FX8bIOLLfz7sPuoOogA&q=gender+concepts+and+terminology&oq=gender+concept&gs_lcp=CgZwc3ktYWIQARgEMgIIADICCAAyAggAMgIIADICCAAyAggAMgIIADICCAAyAggAMgIIADoHCAAQsAMQQzoJCCMQJxBGEPkBOgQIIxAnOgQIABBDOgUIABCxAzoHCC4QJxCTAjoFCAAQkQI6CAgAELEDEJECUJCaB1jguwdgjfIHaAJwAHgAgAHzAogBohaSAQgwLjEwLjMuMZgBAKABAaoBB2d3cy13aXrAAQE&sclient=psy-ab

**ਪਾਠ: 1.2**

## ਲਿੰਗ ਦੀ ਪ੍ਰੀਭਾਸ਼ਾ, ਪਿਤਾ ਪੁਰਖੀ, ਮਰਦਾਨਗੀ ਅਤੇ ਨਾਰੀਵਾਦ, ਲਿੰਗ ਪੱਖਪਾਤ ਅਤੇ ਲਿੰਗ ਰੂੜੀਬੱਧਤਾ

**ਬਣਤਰ :**

**2.1 ਉਦੇਸ਼**
**2.2 ਲਿੰਗ ਦੀ ਪਰਿਭਾਸ਼ਾ**
**2.3 ਪਿਤਾ ਪੁਰਖੀ (Patriarchy)**
**2.4 ਪਿਤਾ-ਪੁਰਖੀ ਜਾਂ ਮੁਖੀ (Patriarchy) ਦੀਆਂ ਵਿਸ਼ੇਸ਼ਤਾਵਾਂ**
**2.5 ਮਰਦਾਨਗੀ (Masculinity) ਅਤੇ ਨਾਰੀਵਾਦ (Femininty)**
**2.6 ਮਰਦ ਦੇ ਲਿੰਗ ਆਧਾਰਿਤ ਕਾਰਜ:- (Male gender role)**
**2.7 ਸਮਾਜਿਕ ਦਬਾਅ ਦੇ ਨੁਕਸਾਨਦਾਇਕ ਪ੍ਰਭਾਵ**
**2.8 ਨਾਰੀਵਾਦ**
**2.9 ਨਾਰੀਵਾਦ ਦੀਆਂ ਕਿਸਮਾਂ**
**2.10 ਨਾਰੀਵਾਦ ਦਾ ਇਤਿਹਾਸ**
**2.11 ਅਭਿਆਸ**

### 2.1 ਉਦੇਸ਼

ਇਹ ਪਾਠ ਪੜ੍ਹਨ ਤੋਂ ਬਾਅਦ ਤੁਸੀਂ ਯੋਗ ਹੋਵੋਗੇ :

1. ਲਿੰਗ ਦੀ ਪਰਿਭਾਸ਼ਾ
2. ਪਿਤਾ-ਪੁਰਖੀ ਪ੍ਰਣਾਲੀ ਦੀ ਪਰਿਭਾਸ਼ਾ
3. ਪਿਤਾ-ਪੁਰਖੀ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ
4. Masculinity (ਮਰਦਾਨਗੀ) ਅਤੇ Femininty (ਨਾਰੀਵਾਦ) ਦਾ ਅਰਥ।
5. ਮਰਦਾਨਗੀ Masculinity ਅਤੇ ਮਰਦ ਅਧਾਰਿਤ ਭੂਮਿਕਾ/ ਕਾਰਜ
6. ਮਰਦ ਅਧਾਰਿਤ ਕਾਰਜ ਦੇ ਨੁਕਸਾਨਦਾਇਕ ਪ੍ਰਭਾਵ
7. ਨਾਰੀਵਾਦ ਦੇ ਮੁੱਢਲੇ ਸਿਧਾਂਤਾ
8. ਨਾਰੀਵਾਦ ਦੀਆਂ ਕਿਸਮਾਂ
9. ਨਾਰੀਵਾਦ ਦੇ ਇਤਿਹਾਸ
10. ਨਾਰੀਵਾਦ ਦੀਆਂ ਮੁੱਖ ਲਹਿਰਾਂ
11. ਲਿੰਗ ਪੱਖਪਾਤ
12. ਲਿੰਗ ਪੱਖਪਾਤ ਦੀ ਪਰਿਭਾਸ਼ਾ
13. ਭਾਰਤ ਵਿੱਚ ਲਿੰਗ ਪੱਖਪਾਤ
14. ਲਿੰਗ ਰੂੜੀਬੱਧਤਾ ਦੀ ਪਰਿਭਾਸ਼ਾ
15. ਆਮ ਸਮਾਜਿਕ ਲਿੰਗ ਰੂੜੀਬੱਧਤਾ

## 2.2 ਲਿੰਗ ਦੀ ਪਰਿਭਾਸ਼ਾ :-

1. **ਰਵਾਇਤੀ ਧਾਰਨਾ ਅਨੁਸਾਰ** - ਨਰ ਜਾਂ ਨਾਰੀ ਹੋਣ ਦੀ ਸਥਿਤੀ ਨੂੰ ਹੀ ਲਿੰਗ ਕਿਹਾ ਜਾਂਦਾ ਹੈ। ਇਥੇ ਜੀਵਕ ਵਿਤਕਰੇ ਤੋਂ ਇਲਾਵਾ ਸਮਾਜਿਕ ਅਤੇ ਸਭਿਆਚਾਰਕ ਅੰਤਰ ਜਿਆਦਾ ਮਹੱਤਵਪੂਰਨ ਹੁੰਦਾ ਹੈ।

2. **Merriam.webster dictionary ਦੇ ਅਨੁਸਾਰ** - ਭਾਸ਼ਾ ਦੀ ਵਿਆਕਰਣਕ ਸ਼੍ਰੇਣੀ ਦੇ ਅੰਦਰ ਇਕ ਉੱਪ-ਸ਼੍ਰੇਣੀ (ਜਿਵੇਂ ਨਾਂਵ,ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ ਦੇ ਤੋਰ ਤੇ ) ਜਿਹੜੀ ਅਸਲ ਵਿਚ ਵੱਖ-ਵੱਖ ਗੁਣਾ ਦੇ ਆਧਾਰ ਤੇ (ਜਿਵੇਂ ਸ਼ਕਲ, ਸਮਾਜਿਕ ਦਰਜੇ, ਮੌਜੂਦਗੀ ਦੇ ਢੰਗ ਦੇ ਆਧਾਰ ਤੇ ਸ਼ਬਦਾ ਦੀ ਚੋਣ ਕਰਦੀ ਹੈ।

3. **Unger (1979) ਦੇ ਅਨੁਸਾਰ** - ਲਿੰਗ ਸ਼ਬਦ ਆਦਮੀ ਅਤੇ ਔਰਤ ਨੂੰ ਵੱਖ-ਵੱਖ ਦਰਸਾਉਣ ਲਈ ਵਰਤਿਆ ਗਿਆ ਸ਼ਬਦ ਹੈ। ਇੱਕ ਮਨੋਵਿਗਿਆਨਕ ਅਰਥ ਅਨੁਸਾਰ ਇਸ ਵਿੱਚ ਵੱਖ-ਵੱਖ ਕਾਰਜ, ਗੁਣ ਅਤੇ ਰਵੱਈਏ ਵੀ ਸ਼ਾਮਿਲ ਹਨ।

4. **Kishor (2006) ਦੇ ਅਨੁਸਾਰ** - ਲਿੰਗ ਦੇ ਤਿੰਨ ਮਹੱਤਵਪੂਰਨ ਪਹਿਲੂ ਹਨ।

1. ਲਿੰਗ ਨੂੰ ਨਿਰਪੱਖ ਮੁੱਲ ਦਾ ਨਾ ਮੰਨਿਆ ਜਾਵੇ ਰੋਲ, ਹੱਕ ਅਤੇ ਫਰਜ਼ ਲਿੰਗ ਦੇ ਆਧਾਰ ਤੇ ਅਲੱਗ-2 ਨਹੀ ਹਨ ਇਸ ਦੀ ਵੰਡ ਬਰਾਬਰੀ ਦੇ ਆਧਾਰ ਤੇ ਨਹੀ ਕੀਤੀ ਗਈ ਹੈ। ਕਿਓਂਕਿ ਪੁਰਸ਼ ਦੇ ਰੋਲ ਅਤੇ ਹੱਕਾਂ ਨੂੰ ਔਰਤ ਨਾਲੋ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ।

2. ਲਿੰਗ ਦੇ ਆਧਾਰ ਤੇ ਸ਼ਕਤੀਕਰਨ ਵਿੱਚ ਵੀ ਫਰਕ ਹੈ -

(ਕ) ਕਾਨੂੰਨੀ ਅਤੇ ਰਸਮੀ ਅਧਿਕਾਰ ਸਰੋਤਾਂ ਤੱਕ ਪਹੁੰਚ,ਗਿਆਨ ਦੀ ਭਾਲ ਨਿੱਜੀ ਟੀਚੇ ਪ੍ਰਾਪਤ ਕਰਨਾ ਆਦਿ ਵਿੱਚ ਪਰਿਵਾਰਿਕ, ਸਭਿਆਚਾਰਕ ਸੰਸਥਾਗਤ ਪਿਛੋਕੜ ਵੀ ਬਹੁਤ ਯੋਗਦਾਨ ਪਾਉਦਾ ਹੈ। ਇਹ ਲਿੰਗ ਤੇ ਆਧਾਰ ਸ਼ਸ਼ਕਤੀਕਰਣ ਦਾ ਪਹਿਲਾ ਰੂਪ ਹੈ।

(ਖ) ਸ਼ਸ਼ਕਤੀਕਰਣ ਦੇ ਦੂਜੇ ਰੂਪ ਵਿਚ ਇਹ ਦੱਸਿਆ ਗਿਆ ਹੈ ਕਿ ਸਮਾਜਿਕ ਅਤੇ ਘਰੇਲੂ ਫੈਸਲਿਆਂ ਅਤੇ ਸਭਿਆਚਾਰਕ ਅਤੇ ਧਾਰਮਿਕ ਵਿਚਾਰ ਧਾਰਾ ਬਣਾਉਣ ਵਿੱਚ ਵੀ ਆਦਮੀ ਔਰਤ ਉੱਤੇ ਵੱਧ ਸ਼ਕਤੀ ਰੱਖਦਾ ਹੈ।

3. ਲਿੰਗ ਸਮਾਜਿਕ ਆਧਾਰ ਤੇ ਸਥਿਰ ਜਾਂ ਅਟੱਲ ਨਹੀਂ ਹੈ:- ਸਮਾਜਿਕ ਤੋਰ ਤੇ ਲਿੰਗ ਆਧਾਰਿਤ ਰੋਲ , ਹੱਕਾਂ, ਉਮੀਦਾਂ ਆਦਿ ਸਮੇ ਦੇ ਨਾਲ ਅਤੇ ਭਗੋਲਿਕ ਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ।

5. ***ਬਰਾਵੋ ਅਤੇ ਬੁਅਮੈਨ (2000) ਦੇ ਅਨੁਸਾਰ*** - ਆਦਮੀ ਅਤੇ ਔਰਤ ਵਿਚਕਾਰ ਸੰਬੰਧ ਅਨੁਭਵ ਅਤੇ ਲੋੜਾ ਤੇ ਆਧਾਰਿਤ ਹੈ। ਸਮਾਜ ਦੇ ਮੱਧ ਆਯੋਜਨ ਅਸੂਲ ਮੁਤਾਬਿਕ ਇਹ ਹੀ ਅਕਸਰ ਉਤਪਾਦਨ ਪ੍ਰਜਨਨ, ਖਪਤ ਅਤੇ ਵੰਡ ਦਾ ਆਧਾਰ ਹੈ। ਪਰ ਲਿੰਗ ਨੂੰ ਅਕਸਰ ਮਹਿਲਾ ਦੀ ਤਰੱਕੀ ਨਾਲ ਜੋੜ ਕੇ ਹੀ ਵੇਖਿਆ ਜਾਂਦਾ ਹੈ। ਪਰ ਲਿੰਗ ਆਧਾਰਿਤ ਰਿਸ਼ਤੇ ਪਰਿਵਾਰਕ ਸੁਰੱਖਿਆ ਪਰਿਵਾਰ ਭਲਾਈ ਯੋਜਨਾ ਬੰਦੀ, ਉਤਪਾਦਨ ਅਤੇ ਕਈ ਹੋਰ ਪਹਿਲੂਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ।ਲਿੰਗ ਹਰ ਸੰਭਵ ਢੰਗ ਨਾਲ ਸਾਡਾ ਜੀਵਨ ਵਿਆਪਕ ਹੈ। ਇਹ ਸਾਡੇ ਕੰਮ ਕਰਨ ਦੇ ਤਰੀਕੇ ਸਾਡੇ ਕੱਪੜਿਆਂ, ਸਾਡੇ ਕਦਰਾਂ-ਕੀਮਤਾਂ ਆਦਿ ਵਿੱਚ ਘੁਲਿਆ -ਮਿਲਿਆ ਹੈ।ਇੱਕ ਜੀਵ-ਵਿਗਿਆਨੀ ਦੇ ਤੋਰ ਤੇ ਇਥੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਸਮਾਜਿਕ ਲਿੰਗ ਦੀ ਪਰਿਭਾਸ਼ਾ ਨੂੰ ਔਰਤ ਦੀ ਉਤਪਾਦਨ, ਪ੍ਰਜਨਨ ਆਦਿ ਵਰਗੀਆਂ ਵਿਸ਼ੇਸ਼ਤਾਵਾ ਪ੍ਰਭਾਵਿਤ ਕਰਦੀਆਂ ਹਨ।

## 2.3 ਪਿਤਾ ਪੁਰਖੀ (Patriarchy)

ਪਿਤਾ ਪੁਰਖੀ ਇਕ ਅਜਿਹੀ ਸਮਾਜਿਕ ਪ੍ਰਣਾਲੀ ਹੈ ਜਿਥੇ ਸਮਾਜ ਦੇ ਹਰ ਪਹਿਲੂਆਂ ਵਿੱਚ ਪੁਰਖਾਂ ਦਾ ਮਹਿਲਾਂ ਉੱਤੇ ਅਧਿਕਾਰ ਦਰਸਾਇਆ ਜਾਂਦਾ ਹੈ।

### *-ਪਿਤਾ ਪੁਰਖੀ ਦੀ ਪਰਿਭਾਸ਼ਾਂ -*

1 ਇਕ ਪਰਿਵਾਰ ਗਰੁੱਪ ਜਾਂ ਸਰਕਾਰ ਨੂੰ ਇਕ ਆਦਮੀ ਜਾਂ ਉਹਨਾ ਦੇ ਇਕ ਸਮੂਹ ਦੁਆਰਾ ਨਿਯੰਤਰਤ ਕਰਨਾ।
2 ਇਕ ਅਜਿਹੀ ਸਮਾਜਿਕ ਪ੍ਰਣਾਲੀ ਜਿਸ ਵਿਚ ਪਰਿਵਾਰ ਦੇ ਜੀਅ ਆਪਣੇ ਪਿਤਾ ਦੁਆਰਾ ਇਕ ਦੂਜੇ ਨਾਲ ਸੰਬੰਧਤ ਹਨ।
3 ਇਕ ਅਜਿਹੀ ਸਮਾਜਿਕ ਪ੍ਰਣਾਲੀ ਜਿਸ ਵਿੱਚ ਸਾਰੀਆਂ ਸ਼ਕਤੀਆਂ ਮਰਦਾਂ ਕੋਲ ਹੁੰਦੀਆਂ ਹਨ ਅਤੇ ਔਰਤਾਂ ਦਾ ਕੰਮ ਸਿਰਫ ਉਸ ਉਤਰਦਾਈ ਨੂੰ ਕਬੂਲ ਕਰਨਾ ਹੁੰਦਾ ਹੈ। ਇਸ ਵਿਚ ਪਿਤਾ ਜਾਂ ਉਸ ਤੋ ਵੱਡਾ ਕੋਈ ਵੀ ਮਰਦ ਪਰਿਵਾਰ ਦਾ ਮੁਖੀਆ ਹੁੰਦਾ ਹੈ ਅਤੇ ਇਹ ਪਰੰਪਰਾ ਵਿੱਚ ਇਸੇ ਤਰ੍ਹਾਂ ਦੂਜੇ ਮਰਦਾਂ ਨੂੰ ਕੁਦਰਤੀ ਰੂਪ ਵਿੱਚ ਇਹ ਹੱਕ ਮਿਲਦਾ ਰਹਿੰਦਾ ਹੈ।
4 ਇਕ ਅਜਿਹਾ ਸਮਾਜਿਕ ਸੰਗਠਨ ਜਿਸ ਦੀ ਖਾਸ ਪਹਿਚਾਣ ਪਰਿਵਾਰ ਵਿੱਚ ਹੁੰਦੀ ਹੈ। ਕਾਨੂੰਨੀ ਰੂਪ ਵਿੱਚ ਵੀ ਪਤਨੀ ਅਤੇ ਬੱਚੇ ਪਿਤਾ ਉੱਪਰ ਹੀ ਨਿਰਭਰ ਹੁੰਦੇ ਹਨ। ਇਹ ਉਤਰਦਾਇਤਵ ਹਰ ਮਰਦ ਨੂੰ ਵਿਰਾਸਤ ਵਿੱਚ ਮਿਲਦਾ ਹੈ।

## 2.4 ਪਿਤਾ-ਪੁਰਖੀ ਜਾਂ ਮੁਖੀ(Patriarchy) ਦੀਆਂ ਵਿਸ਼ੇਸ਼ਤਾਵਾਂ -

1. ***ਮਰਦ ਦਬਦਬਾ*** - ਪਿਤਾ-ਪੁਰਖੀ ਪ੍ਰਣਾਲੀ ਵਿੱਚ ਮਰਦ ਨੂੰ ਹੀ ਕਾਬਿਲ ਮੰਨਿਆ ਜਾਂਦਾ ਹੈ।ਅਤੇ ਸਾਰੇ ਫੈਸਲੇ ਚਾਹੇ ਉਹ ਪਰਿਵਾਰਕ ਹੋਣ ਜਾਂ ਸਮਾਜਿਕ ਹੋਣ, ਸਾਰੇ ਇੱਕ ਮਰਦ ਹੀ ਲੈਂਦਾ ਹੈ।
2. ***ਮਰਦਾਨਗੀ -ਇਕ ਪਹਿਚਾਣ*** - ਆਦਮੀ ਜਾਂ ਮਰਦਾਂ ਦੀ ਪਛਾਣ ਉਹਨਾ ਨਾਲ ਸੰਬੰਧਤ ਗੁਣ ਜਿਵੇਂ ਤਾਕਤ, ਮਜਬੂਤ, ਜੋਰ ਅਜਮਾਇਸ਼, ਮੁਕਾਬਲੇਬਾਜੀ ਆਦਿ ਗੁਣਾ ਨਾਲ ਕੀਤੀ ਜਾਂਦੀ ਹੈ। ਇਹ ਸਾਰੇ ਗੁਣ ਵੀ ਇਕ ਪਿਤਾ-ਪੁਰਖੀ ਪ੍ਰਣਾਲੀ ਨੂੰ ਦਰਸਾਉਦੇ ਹਨ।
3. ***ਮਰਦ ਇਕ ਕੇਂਦਰ*** :- ਪਿਤਾ-ਪੁਰਖੀ ਪ੍ਰਣਾਲੀ ਵਿੱਚ ਸਮਾਜ ਨੂ ਅੱਗੇ ਵਧਾਉਣ ਲਈ ਵਿਕਾਸ ਦੀਆਂ ਕਿਰਿਆਵਾਂ ਦਾ ਸਾਰਾ ਕੇਂਦਰ ਆਦਮੀ ਹੀ ਹੁੰਦਾ ਹੈ।ਆਦਮੀ ਸਾਰੀਆਂ ਸਥਿਤੀਆਂ ਦਾ ਨਾਇਕ ਹੁੰਦਾ ਹੈ।ਅਤੇ ਉਹ ਹੀ ਸਮਾਜਿਕ ਸ਼ਮੂਲੀਅਤ ਜਾਂ ਮਨੋਰੰਜਨ ਦਾ ਵੀ ਕੇਂਦਰ ਹੁੰਦਾ ਹੈ।
4. ***ਸਮਾਜਿਕ ਪਰਿਵਾਰਿਕ ਨਿੰਯਤਰਣ ਕਰਨ ਦੀ ਆਪਣੀ ਚਾਹ*** :- ਪਿਤਾ-ਪੁਰਖੀ ਪ੍ਰਣਾਲੀ ਵਿਚ ਆਦਮੀ ਹਮੇਸ਼ਾ ਸਮਾਜ ਨੂੰ ਆਪਣੇ ਤਰੀਕੇ ਨਾਲ ਕਾਬੂ ਕਰਨ ਦੀ ਚਾਹ ਰੱਖਦਾ ਹੈ। ਉਸ ਦੀ ਇਹ ਹੀ ਇੱਛਾ ਹੁੰਦੀ ਹੈ ਕਿ ਵਿੱਤੀ ਅਤੇ ਸਿੱਖਿਅਕ ਫੈਸਲੇ ਵੀ ਉਹ ਹੀ ਲਏ।
5. ***ਮਹਿਲਾਵਾਂ ਖਿਲਾਫ਼ ਵਿਤਕਰਾ*** :- ਭਾਰਤ ਵਰਗਾ ਵਿਸ਼ਾਲ ਦੇਸ਼ ਜਿਹੜਾ 3029 ਮਿਲਿਅਨ ਸਕਵੇਅਰ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ।ਉਥੇ ਥੋੜੀ ਦੂਰੀ ਤੇ ਇਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿੱਚ ਜਿਥੇ ਸਭਿਆਚਾਰਕ,ਧਾਰਮਿਕ ਅਤੇ ਪਰੰਪਾਰਿਕ ਪਿਛੋਕੜ ਅਲੱਗ-ਅਲੱਗ ਹੈ। ਉਥੇ ਮਹਿਲਾਵਾਂ /ਔਰਤਾਂ ਦੇ ਖਿਲਾਫ਼ ਭੇਦਭਾਵ ਵੀ ਵੱਖ-ਵੱਖ ਹਨ।

ਜਿਵੇਂ ਕੇਰਲ ਦੇ ਨਾਇਰ ਪਰਿਵਾਰ , ਮਰਾਠਾ ਪਰਿਵਾਰ ਅਤੇ ਬੰਗਾਲੀ ਪਰਿਵਾਰ ਜੋ ਔਰਤ ਪ੍ਰਧਾਨ ਪਰਿਵਾਰ ਹਨ। ਉਥੇ ਮਰਦ ਦੀ ਬਜਾਏ ਔਰਤ ਹੀ ਪਰਿਵਾਰ ਦੀ ਮੁਖੀ ਹੁੰਦੀ ਹੈ। ਪਰ ਭਾਰਤ ਦੇ ਜਿਆਦਾਤਰ ਹਿੱਸਿਆਂ ਵਿੱਚ ਜੀਵਨ ਦੇ ਸਾਰੇ ਪੜਾਅ ਦੋਰਾਨ ਜਨਮ ਤੋਂ ਸ਼ੁਰੂ ਹੋ ਕੇ ਬਚਪਨ ਤੋਂ ਲੈ ਕੇ ਬਾਲਗਪਨ ਤੋਂ ਲੈ ਕੇ ਮਰਨ ਤੱਕ ਔਰਤ ਨੂੰ ਹੀ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹਨਾਂ ਵਿਤਕਰਿਆਂ ਨੂੰ ਹੇਠ ਲਿਖੇ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ।

## (ਕ) ਮਹਿਲਾਵਾਂ ਖਿਲਾਫ਼ ਵਿਤਕਰਾ:- ਜਨਮ ਤੋਂ ਬਾਅਦ ਇੱਕ ਬਾਲ ਦੇ ਤੌਰ ਤੇ

ਭਾਰਤ ਇਕ ਅਜਿਹਾ ਦੇਸ਼ ਹੈ ਜਿਥੇ ਜਨਮ ਵੇਲੇ ਹੀ ਲਿੰਗ ਅਨੁਪਾਤ -(105) ਮੁੰਡਿਆਂ ਦੇ ਮਗਰ 100 ਕੁੜੀਆਂ ਜਨਮ ਲੈਂਦੀਆਂ ਹਨ, ਵਿਚ ਫਰਕ ਪਾਇਆ ਜਾਂਦਾ ਹੈ। ਆਮ ਤੌਰ ਤੇ ਲਿੰਗ ਅਨੁਪਾਤ 113 ਪਾਇਆ ਜਾਂਦਾ ਹੈ ਜਿਸ ਦਾ ਅਰਥ ਹੈ ਕਿ 113 ਮੁੰਡਿਆਂ ਪਿਛੇ ਸਿਰਫ 100 ਕੁੜੀਆਂ ਪਾਈਆਂ ਜਾਂਦੀਆਂ ਹਨ। ਇਥੇ ਪੰਜਾਬ ਦਿੱਲੀ ਅਤੇ ਹੋਰ ਉੱਤਰੀ ਭਾਰਤ ਵਿੱਚ ਲਿੰਗ ਅਨੁਪਾਤ ਨਰ/ਮਾਦਾ 113/100 ਹੈ।ਉਥੇ ਦੱਖਣ ਅਤੇ ਪੱਛਮ ਹਿੱਸਿਆਂ ਵਿੱਚ ਜਿਵੇਂ ਕੇਰਲਾ ਅਤੇ ਆਂਧਰਾ ਪ੍ਰਦੇਸ਼ ਆਦਿ ਵਿਚ ਲਿੰਗ ਅਨੁਪਾਤ 105/100 ਪਾਇਆ ਗਿਆ ਹੈ।ਚਾਹੇ 1996 ਤੋਂ ਹੀ ਬੱਚੇ ਦਾ ਲਿੰਗ ਜਨਮ ਤੋਂ ਪਹਿਲਾਂ ਜਾਨਣਾ ਕਾਨੂੰਨੀ ਅਪਰਾਧ ਬਣ ਗਿਆ ਹੈ। ਪਰ ਇਸ ਕਾਨੂੰਨ ਨੂੰ ਲਾਗੂ ਕਰਨਾ ਕੋਈ ਆਸਾਨ ਕੰਮ ਨਹੀਂ ਹੈ।ਕਿਉਂਕਿ ਆਮ ਭਾਰਤੀ ਪਰਿਵਾਰਾਂ ਵਿਚ ਨਰ ਬੱਚੇ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ।

ਕਾਨੂੰਨੀ ਤੌਰ ਤੇ ਗਰਭਪਾਤ ਕਰਾਉਣਾ ਅਪਰਾਧ ਹੈ ਪਰ ਕੁਝ ਮਾਮਲਿਆਂ ਵਿੱਚ ਜਿਵੇਂ:-

1. ਪੈਦਾ ਹੋਣ ਵਾਲੇ ਬੱਚੇ ਨੂੰ ਗੰਭੀਰ ਬਿਮਾਰੀ ਹੋਣ ਦੇ ਵੇਲੇ।
2. ਬਲਾਤਕਾਰ ਹੋਈ ਔਰਤ ਆਦਿ ਲਈ ਇਸ ਦੀ ਕਾਨੂੰਨੀ ਮਾਨਤਾ ਹੈ।

ਚੌਣਵੇ ਗਰਭਪਾਤ , ਮਾਦਾ ਬੱਚੇ ਦਾ ਕਤਲ ਜਾਂ ਮਾਦਾ ਬੱਚੇ ਨੂੰ ਛੱਡ ਦੇਣਾ ਆਦਿ ਲੜਕੀਆਂ ਵਿਰੁੱਧ ਜਨਮ ਤੋਂ ਪਹਿਲਾਂ ਜਾਂ ਜਨਮ ਤੋਂ ਤੁਰੰਤ ਬਾਦ ਭੇਦਭਾਵ ਦੀਆਂ ਆਮ ਉਦਾਹਰਣਾਂ ਹਨ।

## (ਖ) ਇੱਕ ਬੱਚੇ ਦੇ ਰੂਪ ਵਿੱਚ ਔਰਤਾਂ ਖਿਲਾਫ ਭੇਦ-ਭਾਵ।

***1.ਆਹਾਰ ਅਤੇ ਸਿਹਤ*** :- ਬਚਪਨ ਤੋ ਹੀ ਕੁੜੀਆਂ ਨੂੰ ਮੁੰਡਿਆਂ ਤੋ ਘੱਟ ਪੋਸ਼ਣ ਅਤੇ ਸਿਹਤ ਸੰਭਾਲ ਮੁਹੱਈਆ ਕਰਵਾਈ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਬੱਚੀਆਂ ਅਕਸਰ ਕਪੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜਿਸ ਕਰਕੇ ਉਹਨਾਂ ਦਾ ਪੂਰਨ ਵਿਕਾਸ ਨਹੀਂ ਹੁੰਦਾ ਅਤੇ ਉਹ ਅਕਸਰ ਅਨੀਮੀਆ ਬਿਮਾਰੀ ਦਾ ਸ਼ਿਕਾਰ ਵੀ ਰਹਿੰਦੀਆਂ ਹਨ। ਇਹਨਾਂ ਕਾਰਨਾ ਕਰਕੇ ਹੀ ਗਰਭ ਧਾਰਣ ਕਰਨ ਵਿੱਚ,ਬੱਚੇ ਨੂੰ ਜਨਮ ਦੇਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਬੱਚਿਆਂ ਦੀ ਜਨਮ ਵੇਲੇ ਮੌਤ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।

***2 ਸਿੱਖਿਆ:-*** ਭਾਰਤ ਦੇ ਸੰਵਿਧਾਨ ਦੇ ਅਨੁਸਾਰ ਮੁੰਡੇ ਅਤੇ ਕੁੜੀਆਂ ਦੋਵਾਂ ਨੂੰ 14 ਸਾਲ ਦੀ ਉਮਰ ਤੱਕ ਮੁਫਤ ਸਿੱਖਿਆ ਦੇਣੀ ਚਾਹੀਦੀ ਹੈ।ਪਰ ਇਥੇ ਪ੍ਰਾਇਮਰੀ ਸਿੱਖਿਆ ਇੰਨੀ ਵਿਆਪਕ ਨਹੀਂ ਅਤੇ ਖਾਸ ਤੌਰ ਤੇ ਲੜਕੀਆਂ ਲਈ ਇਸ ਨੂੰ ਜਿਆਦਾ ਜ਼ਰੂਰੀ ਨਹੀਂ ਸਮਝਿਆ ਜਾਂਦਾ । ਇਥੇ ਘਰੇਲੂ ਕੰਮਾਂ ਨੂੰ ਜਿਆਦਾ ਮਹੱਤਵਪੂਰਨ ਸਮਝਿਆ ਜਾਂਦਾ ਹੈ। ਜਿਸਨੂੰ ਸਿੱਖਣਾਂ ਭਵਿੱਖ ਵਿੱਚ ਉਹਨਾ ਦੇ ਕੰਮ ਆਵੇਗਾ। ਇਥੇ ਮਾਂ-ਬਾਪ ਲੜਕੇ-ਲੜਕੀਆਂ ਦਾ ਇੱਕਠਾ ਪੜ੍ਹਨ ਨੂੰ ਵੀ ਇੱਕ ਖਾਨਦਾਨ ਦੀ ਇੱਜਤ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਅਤੇ ਮਾਂ

-ਬਾਪ ਲੜਕੀਆਂ ਨੂੰ ਉਥੇ ਪੜਾਉਣ ਤੇ ਵੀ ਗੁਰੇਜ਼ ਕਰਦੇ ਹਨ ਜਿਥੇ ਅਧਿਆਪਕ ਵੀ ਇਕ ਮਰਦ ਹੈ।ਜਿਸ ਦਾ ਨਤੀਜਾ ਇਹ ਹੈ ਕਿ ਮਹਿਲਾਵਾਂ ਦੀ ਸਾਖਰਤਾ ਦਰ ਮਰਦਾਂ ਨਾਲੋਂ ਕਿਤੇ ਘੱਟ ਹੈ।

-- ਮਹਿਲਾਵਾਂ ਦੀ ਸਾਖਰਤਾ ਦਰ (ਵਿਸ਼ਵ ਭਰ ਵਿੱਚ 54%)

-- ਮਰਦਾਂ ਦੀ ਸਾਖਰਤਾ ਦਰ (ਵਿਸ਼ਵ ਭਰ ਵਿੱਚ 76%)

ਤੁਲਨਾਤਮਕ ਤੌਰ ਤੇ ਮਹਿਲਾਵਾਂ ਦੀ ਸਾਖਰਤਾ ਦਰ ਭਾਰਤ ਵਿਚ 65.46% ਪਕਿਸਤਾਨ ਵਿਚ 60% ਅਤੇ ਪੇਰੂ ਵਿਚ 89% ਇੰਡੋਨੇਸ਼ੀਆ ਵਿੱਚ 93% ਹੈ। ਇਕ ਔਰਤ ਦੀ ਅਨਪੜਤਾ ਸਿੱਧੇ ਤੌਰ ਤੇ ਬੱਚਿਆਂ ਦੀ ਸਿੱਖਿਆ ਤੇ ਵੀ ਅਸਰ ਪਾਉਂਦੀ ਹੈ।ਕਈ ਸਮਾਜਿਕ ਖੇਤਰ ਪ੍ਰੋਗਰਾਮ " ਸਰਵ ਸਿੱਖਿਆ ਅਭਿਆਨ " ਜਿਸ ਵਿੱਚ ਲੜਕੀਆਂ ਦੀ ਸਿੱਖਿਆ ਨੂੰ ਵੀ ਵਧਾਵਾ ਦਿੱਤਾ ਜਾਂਦਾ ਹੈ। ਅਤੇ ਲੜਕੀਆਂ ਨੂੰ ਵੀ ਬਿਨਾਂ ਕਿਸੇ ਲਿੰਗ ਵਿਤਕਰੇ ਤੋਂ ਬਰਾਬਰੀ ਦੇ ਮੌਕੇ ਦਿੱਤੇ ਜਾਂਦੇ ਹਨ।

3 **ਬਾਲ ਵਿਆਹ:-** ਬਾਲ ਵਿਆਹ ਰੋਕ ਐਕਟ-2006 ਅਨੁਸਾਰ 18 ਸਾਲ ਤੋਂ ਘੱਟ ਲੜਕੀ ਅਤੇ 21 ਸਾਲ ਤੋਂ ਘੱਟ ਲੜਕੇ ਦਾ ਵਿਆਹ ਕਾਨੂੰਨੀ ਅਪਰਾਧ ਹੈ। ਪਰ ਭਾਰਤ ਵਿੱਚ ਜਿਥੇ 80% ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਉਥੇ ਪਰਿਵਾਰ,ਜਾਤ-ਪਾਤ ਅਤੇ ਭਾਈਚਾਰੇ ਦਾ ਦਬਾਅ ਕਾਨੂੰਨ ਤੇ ਕਿਤੇ ਜਿਆਦਾ ਪ੍ਰਭਾਵਸ਼ਾਲੀ ਹੁੰਦੇ ਹਨ।

UNICEF (2009) ਦੀ ਰਿਪੋਰਟ ਦੇ ਅਨੁਸਾਰ :-

1. ਵਿਸ਼ਵ ਦੇ 40% ਬਾਲ-ਵਿਆਹ ਭਾਰਤ ਵਿੱਚ ਹੁੰਦੇ ਹਨ।
2. 47% ਭਾਰਤੀ ਔਰਤਾਂ ਦੇ ਵਿਆਹ 18 ਸਾਲ ਦੀ ਉਮਰ ਤੋਂ ਘੱਟ ਵਿੱਚ ਹੋਏ ਹਨ। ਇਹ ਇੱਕ ਬਹੁਤ ਵੱਡਾ ਕਾਰਨ ਜਿਸ ਕਰਕੇ ਔਰਤ ਹਮੇਸ਼ਾ ਹੀ ਮਰਦ ਦੇ ਦਬਦਬੇ ਹੇਠ ਰਹਿੰਦੀ ਹੈ। ਅਤੇ ਜੋ ਪਿਤਾ-ਪੁਰਖੀ ਨੂੰ ਜਨਮ ਦਿੰਦਾ ਹੈ।

## (ਗ) ਮਹਿਲਾਵਾਂ ਖਿਲਾਫ਼ ਵਿਤਕਰਾ :- ਵਿਆਹ ਤੋਂ ਬਾਅਦ

ਔਰਤਾਂ ਵੱਲ ਹਮੇਸ਼ਾ ਤੋਂ ਹੀ ਪੱਖਪਾਤ ਰਿਹਾ ਹੈ। ਔਰਤਾਂ ਅਤੇ ਮਰਦਾਂ ਨੂੰ ਵਿਆਹੁਤਾ ਰਿਸ਼ਤੇ ਵਿੱਚ ਸਦਾ ਹੀ ਉੱਤਮ ਦਰਜਾ ਦਿੱਤਾ ਜਾਂਦਾ ਹੈ। ਔਰਤ ਨੂੰ ਸਮਨਮਾਨ , ਸੁਰੱਖਿਆ ਅਤੇ ਖੁਸ਼ੀ ਦੇਣ ਦਾ ਕਰਤੱਵ ਉਸ ਦੇ ਪਤੀ ਅਤੇ ਪਤੀ ਦੇ ਪਰਿਵਾਰ ਦਾ ਹੈ। ਉਸ ਦੀ ਨਿਗਰਾਨੀ ਵੀ ਰੱਖੀ ਜਾਂਦੀ ਹੈ।ਵਿਆਹ ਤੋਂ ਬਾਅਦ ਉਹ ਪਤੀ ਦੀ ਨਿਗਰਾਨੀ ਵਿੱਚ ਜਾਂ ਰੱਖੀ ਜਾਂਦੀ ਹੈ। ਉਹ ਪੂਰੀ ਤਰ੍ਹਾਂ ਆਪਣੇ ਪਤੀ ਦੀ ਜ਼ਿਮੇਵਾਰੀ ਬਣ ਜਾਂਦੀ ਹੈ।

ਭਾਰਤ ਦੇ ਮੌਜੂਦਾ ਸਭਿਆਚਾਰਕ ਅਤੇ ਸਮਾਜਿਕ ਲੋਕਚਾਰ ਤਹਿਤ ਇਕ ਵਿਆਹੁਤਾ ਔਰਤ ਨੂੰ ਜਨਮ ਦੇ ਪਰਿਵਾਰ ਦੀ ਬਜਾਏ ਲਾੜੇ ਦੇ ਪਰਿਵਾਰ ਦਾ ਹਿੱਸਾ ਮੰਨਿਆ ਜਾਂਦਾ ਹੈ। ਭਾਰਤ ਦੇ ਜ਼ਿਆਦਤਰ ਹਿੱਸਿਆਂ ਵਿੱਚ ਔਰਤ ਆਪਣੇ ਪਤੀ ਦੇ ਅਧੀਨ ਹੀ ਨਹੀਂ ਬਲਕਿ ਪਤੀ ਦੀ ਮਾਂ (ਸੱਸ) ਦੇ ਅਧੀਨ ਵੀ ਹੁੰਦੀ ਹੈ।ਕਿਸੇ ਵੀ ਤਰ੍ਹਾਂ ਦਾ ਅਣ-ਅਗਿਆਕਾਰੀ ਵਤੀਰਾ ਉਸ ਨੂੰ ਬਹੁਤ ਮਹਿੰਗਾ ਪੈਂਦਾ ਹੈ।ਜਿਸ ਕਰਕੇ ਉਸ ਨੂੰ ਆਪਣੇ ਹੀ ਪਰਿਵਾਰ ਵਿੱਚ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਵਤੀਰਾ ਉਸ ਦੇ ਜਨਮ ਦੇ ਪਰਿਵਾਰ ਲਈ ਬੇਇੱਜ਼ਤੀ ਹੈ।

ਔਰਤ ਉੱਪਰ ਭਿਆਨਕ ਜੁਲਮ ਜਿਵੇਂ ਜਿੰਦਾ ਜਲਾਉਣਾਂ ਜਾਂ ਮਾਰ ਦੇਣਾ ਆਦਿ ਦੇ ਪਿੱਛੇ ਕੋਈ ਸਭਿਆਚਾਰਕ ਜਾਂ ਧਾਰਮਿਕ ਪੰਰਪਰਾ ਨਹੀਂ ਹੈ। ਪਰ ਦਹੇਜ ਵਰਗੀ ਪ੍ਰਥਾ ਕੋਹੜ ਹਨ। ਜਿਸ ਵਿੱਚ ਔਰਤ ਦੀ ਮੌਤ ਨੂੰ ਘਰੇਲੂ ਹਾਦਸਾ ਕਹਿ ਦਿੱਤਾ ਜਾਂਦਾ ਹੈ।ਅਤੇ ਉਸ ਦਾ ਪਤੀ ਫਿਰ ਵਿਆਹ ਕਰਾਉਣ ਲਈ ਆਜਾਦ ਹੋ ਜਾਂਦਾ ਹੈ। ਭਾਰਤੀ ਰਾਸ਼ਟਰੀ ਅਪਰਾਧ ਬਿਊਰੋ ਦੇ ਰਿਕਾਰਡ ਅਨੁਸਾਰ-2009 ਤੱਕ ਭਾਰਤ ਵਿਚ 8,239 ਦਹੇਜ ਦੇ ਕੇਸ ਦਰਜ, 1285 ਮਰਨ ਦੀ ਕੋਸ਼ਿਸ਼ (ਦਹੇਜ) ਅਤੇ 4,890 ਕੇਸ ਜੋ ਬਗੈਰ ਪੜਤਾਲ ਪਏ ਹਨ। ਦਹੇਜ ਵਿਚ ਮੌਤ ਹੋਣ ਦੀ ਸੂਰਤ ਵਿੱਚ ਅਪਰਾਧੀ ਨੂੰ 7 ਸਾਲ ਦੀ ਕੈਦ ਜੋ ਉਮਰ ਕੈਦ ਵਿਚ ਵੀ ਬਦਲ ਸਕਦੀ ਹੈ।

## (ਘ) ਮਹਿਲਾਵਾਂ ਖਿਲਾਫ਼ ਵਿਤਕਰਾ:- ਇੱਕ ਵਿਧਵਾ ਹੋਣ ਦੇ ਨਾਤੇ

ਭਾਰਤ ਸਰਕਾਰ ਨੇ ਵਿਧਵਾ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕਈ ਕਾਨੂੰਨ ਬਣਾਏ ਹਨ। ਜਿਵੇਂ ਰਵਾਇਤੀ ਰਸਮਾਂ- ਸਤੀ ਪ੍ਰਥਾ ਆਦਿ ਨੂੰ ਸਦਾ ਲਈ ਬੈਨ ਕਰ ਦਿੱਤਾ ਗਿਆ ਹੈ। ਭਾਰਤੀ ਸਮਕਾਲੀ ਸਮਾਜ ਵਿੱਚ ਜਿੱਥੇ ਵਿਧਵਾ ਔਰਤਾਂ ਲਈ ਬਹੁਤ ਕਾਨੂੰਨ ਬਣਦੇ ਹਨ। ਉਥੇ ਹੀ ਸਮਾਜ ਦੇ ਢਕੀਆਨੂਸੀ ਨੇਮ ਕਾਰਨ ਅੱਜ ਵੀ ਵਿਧਵਾ ਔਰਤ ਨੂੰ ਇਕ ਬੋਝ ਸਮਝਿਆ ਜਾਂਦਾ ਹੈ। ਜਿਸ ਕਰਕੇ ਕਈ ਵਾਰ ਉਸ ਨੂੰ ਸੁਹਰਾ ਪਰਿਵਾਰ ਛੱਡ ਵੀ ਦਿੰਦਾ ਹੈ। ਕਈ ਵਾਰ ਉਸ ਦਾ ਆਪਣਾ ਪਰਿਵਾਰ ਜਾਂ ਜਨਮ ਪਰਿਵਾਰ ਵੀ ਉਸ ਨੂੰ ਨਹੀਂ ਅਪਣਾਉਦਾ ਹੈ।ਜਿਸ ਕਰਕੇ ਜੇ ਉਹ ਆਪਣੇ ਪੈਰਾਂ ਉੱਤੇ ਨਹੀਂ ਖੜ੍ਹੀ ਜਾਂ ਪੜੀ-ਲਿਖੀ ਨਹੀਂ ਉਸ ਲਈ ਜਿੰਦਗੀ ਬਹੁਤ ਔਖੀ ਹੋ ਜਾਂਦੀ ਹੈ।

ਸਾਡੇ ਭਾਰਤ ਦੇ ਕਈ ਕੱਟੜ੍ਹ ਪਰਿਵਾਰਾਂ ਵਿੱਚ ਅੱਜ ਵੀ ਵਿਧਵਾ ਔਰਤ ਦੀ ਸਿਰ ਮੁਨਵਾਉਣ, ਚਿੱਟੇ ਕੱਪੜੇ ਪਾਉਣ ਦਾ ਚਲਨ ਹੈ।ਉਸ ਦਾ ਕਿਸੇ ਵੀ ਜਸ਼ਨ ਵਿੱਚ ਸ਼ਾਮਿਲ ਹੋਣ ਤੇ ਪਾਬੰਦੀ ਹੈ। ਉਹ ਵਿਆਹ ਵਾਲੇ ਘਰ ਵੀ ਜ਼ਿਅਦਾ ਸ਼ਾਮਿਲ ਨਹੀਂ ਹੁੰਦੀ ਕਿਉਂਕਿ ਉਸ ਦਾ ਸ਼ਾਮਿਲ ਹੋਣਾ ਅਪਸ਼ਗਨ ਸਮਝਿਆ ਜਾਂਦਾ ਹੈ।ਉਸ ਨੂੰ ਦੁਬਾਰਾ ਵਿਆਹ ਕਰਾਉਣ ਦਾ ਹੱਕ ਵੀ ਨਹੀਂ ਦਿੱਤਾ ਜਾਂਦਾ।

***6. ਮਹਿਲਾ ਜਾਂ ਔਰਤ ਇੱਕ ਜ਼ਿਮੇਵਾਰੀ:***- ਭਾਰਤੀ ਸੰਵਿਧਾਨ ਆਦਮੀ ਅਤੇ ਔਰਤ ਨੂੰ ਬਰਾਬਰ ਦਾ ਹੱਕ ਦਿੰਦਾ ਹੈ।ਪਰ ਸਾਡੇ ਦੇਸ਼ ਵਿੱਚ ਕੱਟੜ ਪਿਤਾ-ਪੁਰਖੀ ਰਵਾਇਤਾਂ ਕਰਕੇ ਔਰਤ ਇਸ ਹੱਕ ਤੋਂ ਵਾਂਝੀ ਹੀ ਰਹੀ ਹੈ। ਇਸ ਕਰਕੇ ਔਰਤ/ਕੁੜੀ ਨੂੰ ਇੱਕ ਬੋਝ ਜਾਂ ਜ਼ਿੰਮੇਵਾਰੀ ਵੀ ਸਮਝਿਆ ਗਿਆ ਹੈ। ਇਸ ਕਰਕੇ ਇਕ ਆਮ ਆਸ਼ੀਰਵਾਦ ਜੋ ਇਕ ਔਰਤ ਨੂੰ ਦਿੱਤਾ ਜਾਂਦਾ ਹੈ। ਕਿ "ਪ੍ਰਮਾਤਮਾਂ ਕਰੇ! ਤੇਰੇ ਸੋ ਪੁੱਤਰ ਹੋਣ!"ਕਦੇ ਪੁੱਤਰੀ ਦੀ ਨਾਂ ਦਾ ਆਸ਼ੀਰਵਾਦ ਨਹੀਂ ਦਿੱਤਾ ਜਾਂਦਾ।

ਇਥੇ ਮੁੰਡੇ ਦੇ ਜਨਮ ਨੂੰ ਜਸ਼ਨ ਅਤੇ ਉਤਸ਼ਾਹ ਨਾਲ ਇਕ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਜਦੋਂ ਕਿ ਕੁੜੀ ਦੇ ਜਨਮ ਨੂੰ ਇੱਕ ਬਦਕਿਸਮਤੀ ਨਾਲ ਜੋੜਿਆ ਜਾਂਦਾ ਹੈ।

ਇਹ ਹੇਠ ਲਿਖੇ ਕਾਰਨ ਹਨ ਜਿਸ ਕਰਕੇ ਮਰਦ ਜਾਂ ਆਦਮੀ ਨੂੰ ਇੱਕ ਸੰਪਤੀ ਸਮਝਿਆ ਜਾਂਦਾ ਹੈ:-

1. ਪੈਸੇ ਕਮਾਉਣ ਲਈ ਸਮਰੱਥ।
2. ਪਰਿਵਾਰ ਨੂੰ ਪਾਲਣਾ।
3. ਬਿਰਧ ਮਾਪਿਆਂ ਦੀ ਸੰਭਾਲ।
4. ਔਰਤ ਵਿਆਹ ਕੇ ਲਿਆਏਗਾ ਜੋ ਘਰੇਲੂ ਕੰਮਾਂ ਵਿੱਚ ਵੀ ਮਦਦ ਕਰੇਗੀ।
5. ਹਿੰਦੂ ਧਰਮ ਵਿੱਚ ਮੌਤ ਦੇ ਰੀਤੀ ਰਿਵਾਜ ਵਿੱਚ ਪੁੱਤਰ ਦੀ ਅਹਿਮ ਭੂਮਿਕਾ।

ਕੁਝ ਕਾਰਨ ਜਿਸ ਕਰਕੇ ਔਰਤ ਜਾਂ ਪੁੱਤਰੀ ਨੂੰ ਇੱਕ ਜ਼ਿੰਮੇਵਾਰੀ ਜਾਂ ਬੋਝ ਸਮਝਿਆ ਜਾਂਦਾ ਹੈ:-

1. ਪੈਸਾ ਕਮਾਉਣ ਦੀ ਸਮਰੱਥਾ ਘੱਟ।
2. ਆਰਥਿਕ ਅਤੇ ਭਾਵਨਾਤਮਕ ਤੌਰ ਤੇ ਮਰਦਾਂ ਦੇ ਨਿਰਭਰ।
3. ਬਚਪਨ ਅਤੇ ਜਵਾਨੀ ਵਿੱਚ ਇੱਕ ਕੁੜੀ ਹਮੇਸ਼ਾਂ ਆਪਣੇ ਮਾਪਿਆਂ ਦੇ ਘਰ ਦੇ ਘਰੇਲੂ ਕੰਮਾਂ ਵਿੱਚ ਮਦਦ ਕਰਦੀ ਹੈ। ਵਿਆਹ ਤੋਂ ਬਾਅਦ ਉਹ ਆਪਣੇ ਪਤੀ ਦੇ ਘਰ ਰਹਿਣ ਲੱਗ ਜਾਂਦੀ ਹੈ। ਅਤੇ ਕੁੜੀ ਦੇ ਪਰਿਵਾਰ ਨੂੰ ਇਹ ਵੀ ਘਾਟਾ ਮਹਿਸੂਸ ਹੁੰਦਾ ਹੈ ਅਤੇ ਸਭ ਤੋਂ ਵੱਧ ਮਹੱਤਵਪੂਰਨ ਹੈ ਦਾਜ ਜਾਂ ਪੈਸੇ ਦੇ ਨੁਕਸਾਨ।

***7. ਦਾਜ ਪ੍ਰਥਾ:-*** ਔਰਤਾਂ ਦੇ ਖਿਲਾਫ਼ ਭੇਦ-ਭਾਵ ਦਾ ਇਕ ਕਾਰਨ ਦਾਜ ਪ੍ਰਥਾ ਵੀ ਹੈ ਜਿਸ ਵਿਚ ਲਾੜੀ ਦਾ ਪਰਿਵਾਰ ਲਾੜੇ ਦੇ ਪਰਿਵਾਰ ਨੂੰ ਪੈਸੇ ਅਤੇ ਤੋਹਫੇ ਦਿੰਦਾ ਹੈ। ਦਾਜ ਪ੍ਰਥਾ ਨੂੰ 1971 ਵਿੱਚ ਗੈਰ ਕਾਨੂੰਨੀ ਬਣਾ ਦਿੱਤਾ ਗਿਆ ਸੀ। ਪਰ ਇਸ ਕਾਨੂੰਨ ਨੂੰ ਲਾਗੂ ਕਰਨਾ ਲਗਭਗ ਅਸੰਭਵ ਹੈ।ਕਿਉਂਕਿ ਇਹ ਪ੍ਰਥਾ ਹਰ ਵਿਆਹ ਵਿੱਚ ਜਾਰੀ ਹੈ।

ਬਦਕਿਸਮਤੀ ਨਾਲ ਇਹ ਰਿਵਾਇਤ ਜੋ ਪਹਿਲਾਂ ਸਾਡੇ ਸਮਾਜ ਵਿਚ ਨਹੀਂ ਸੀ। ਇਹ ਧਨ ਇੱਕਠਾ ਕਰਨ ਲਈ, ਸਮਾਜ ਵਿੱਚ ਅੱਗੇ ਵੱਧਣ ਲਈ ਤੇ ਆਰਥਿਕ ਸੁਰੱਖਿਆ ਲਈ ਇਕ ਸੋਖਾ ਤਰੀਕਾ ਸਮਝਿਆ ਗਿਆ ਸੀ। ਦਾਜ ਦੀ ਰਕਮ ਤੇ ਹੀ ਲਾੜੇ ਦੀ ਸਿੱਖਿਆ, ਭਵਿੱਖ ਆਦਿ ਨਿਰਭਰ ਹੁੰਦੇ ਸਨ।ਜਦਕਿ ਇਕ ਔਰਤ ਦੀ ਸਿੱਖਿਆ ਤੇ ਪੈਸਾ ਕਮਾਉਣ ਸਮਰੱਥਾ ਉਹਨੂੰ ਚੰਗੀ ਮਾਂ ਅਤੇ ਪਤਨੀ ਬਣਾਉਣ ਤੱਕ ਹੀ ਸੀਮਤ ਹੁੰਦੀ ਹੈ। ਕਿਸੇ ਪਰਿਵਾਰ ਦੀ ਸਾਲਾਨਾ ਆਮਦਨ ਤੋਂ ਵੀ ਵੱਧ ਹੋਵੇ। ਇਸ ਕਰਕੇ ਜਿਥੇ ਆਰਥਿਕ ਤੌਰ ਤੇ ਹਾਲਾਤ ਖਰਾਬ ਹੋਣ, ਇਸ ਕਾਰਨ ਵੀ ਪਰਿਵਾਰ ਵਿਚ ਮਰਦ ਨੂੰ ਪਹਿਲ ਦਿੱਤੀ ਜਾਂਦੀ ਹੈ।

8. **ਔਰਤਾਂ ਖਿਲਾਫ਼ ਵਿਤਕਰਾ:- ਵਿਰਾਸਤ ਲਈ**

ਚਾਹੇ, ਪੜ੍ਹੀ-ਲਿਖੀ ਸ਼ਹਿਰੀ ਮੱਧ ਵਰਗ ਸਮਾਜ ਵਿੱਚ ਔਰਤਾਂ ਦੇ ਹੱਕ ਵਿਚ ਸੁਧਾਰ ਹੈ ਪਰ ਅਜੇ ਵੀ ਪਿਤਾ-ਪੁਰਖੀ ਜਾਂ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਖਿਲਾਫ਼ ਲਿੰਗ ਸਮਾਨਤਾ ਨੂੰ ਲੈ ਕੇ ਪੱਖਪਾਤ ਜਾਰੀ ਹੈ। ਨਤੀਜੇ ਵਜੋਂ ਮਰੇ ਹੋਏ ਪਿਤਾ ਜਾਂ ਪਿਤਾ ਦੀ ਵਿਰਾਸਤ ਸਭ ਤੋਂ ਵੱਡੇ ਪੁੱਤਰ ਨੂੰ ਮਿਲਦੀ ਹੈ ਜਦਕਿ ਪਤਨੀ ਨੂੰ ਜਾਂ ਧੀ ਨੂੰ ਕਿਸੇ ਵੀ ਤਰ੍ਹਾਂ ਦਾ ਵਿੱਤੀ ਲਾਭ ਨਹੀਂ ਮਿਲਦਾ, ਔਰਤਾਂ ਦੇ ਇਸ ਅਧਿਕਾਰ ਦੀ ਰੱਖਿਆ ਲਈ ਕਾਨੂੰਨ ਵੀ ਬਣੇ ਹਨ।ਪਰ ਕਾਨੂੰਨ ਲਾਗੂ ਕਰਾਉਣਾ ਬਹੁਤ ਵੱਡੀ ਚਣੌਤੀ ਹੈ ਕਿਉਂਕਿ ਪਰਿਵਾਰ ਦੁਆਰਾ ਔਰਤ ਨੂੰ ਅਜਿਹੇ ਅਧਿਕਾਰ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਉਹ ਆਪ ਇੰਨੀ ਪਰਪੱਕ ਜਾਂ ਯੋਗ ਨਹੀਂ ਕਿ ਉਹ ਆਪਣਾ ਹੱਕ ਮੰਗ ਸਕੇ।

ਇਹਨਾਂ ਸਾਰੀਆਂ ਸਥਿਤੀਆਂ ਨੂੰ ਦੇਖ ਕੇ ਸਾਨੂੰ ਪੰ. ਜਵਾਹਰ ਲਾਲ ਨਹਿਰੂ ਦੀ ਉਹ ਗੱਲ ਯਾਦ ਆਉਂਦੀ ਹੈ। ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ ਤੁਸੀਂ ਕਿਸੇ ਵੀ ਦੇਸ਼ ਜਾਂ ਕੌਮ ਦੇ ਹਾਲਾਤਾਂ ਦਾ ਅੰਦਾਜਾ ਉਥੇ ਦੀ ਔਰਤਾਂ ਦੀ ਸਥਿਤੀ ਵੇਖ ਕੇ ਲਗਾ ਸਕਦੇ ਹੋ।ਕਿਸੇ ਵੀ ਦੇਸ਼ ਦਾ ਟਿਕਾਉ ਅਤੇ ਲੰਬੀ ਮਿਆਦ ਦਾ ਵਿਕਾਸ ਔਰਤ ਦੀ ਭਾਗੀਦਾਰੀ ਤੋਂ ਬਿਨਾਂ ਸੰਭਵ ਹੀ ਨਹੀਂ ਹੋ ਸਕਦਾ।

ਆਧੁਨਿਕ ਵਿਕਸਿਤ ਸਮਾਜ ਵਿੱਚ ਪਿਤਾ-ਪੁਰਖੀ ਜਾਂ ਮਰਦ ਪ੍ਰਧਾਨ ਸਮਾਜ ਦਾ ਵਿਚਾਰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ ਜਿਹੜਾ ਕਿ ਦਹਾਕੇ ਪਹਿਲਾਂ ਕੀਤਾ ਜਾ ਰਿਹਾ ਸੀ।ਉਦਾਹਰਨ ਵਜੋਂ ਸਭ ਤੋਂ ਵੱਧ ਪ੍ਰਗਤੀਸ਼ੀਲ ਅਮਰੀਕੀ ਸਮਾਜ ਵਿੱਚ ਮਹਿਲਾਵਾਂ ਕਾਰਜਕਾਰੀ ਅਹੁਦਿਆਂ ਤੋਂ ਲੈ ਕੇ ਸੰਗਠਨਾ ਦੇ ਵਿੱਚ ਅਗਵਾਈ ਦੇ ਰੋਲ ਨੂੰ ਬਹੁਤ ਬਾਖੂਬੀ ਨਿਭਾ ਰਹੀਆਂ ਹਨ। ਇਸ ਦੇ ਨਾਲ-ਨਾਲ ਉਹ ਅਕਸਰ ਪਰਿਵਾਰ ਅਤੇ ਸਮਾਜ ਵਿੱਚ ਫੈਸਲੇ ਲੈਣ ਦਾ ਵੀ ਅਧਿਕਾਰ ਰੱਖਦੀਆਂ ਹਨ।

## 2.5 ਮਰਦਾਨਗੀ (Masculinity) ਅਤੇ ਨਾਰੀਵਾਦ (Femininty)

ਮਰਦਾਨਗੀ ਅਤੇ ਅਤੇ ਨਾਰੀਵਾਦ ਨੂੰ ਉਹਨਾ ਦੇ ਕਾਰਜ ਆਧਾਰ ਤੇ ਵੰਡਿਆ ਗਿਆ ਹੈ।ਆਮਤੌਰ ਤੇ ਜੋ ਮਰਦ ਕਰਦੇ ਹਨ ਉਸ ਨੂੰ ਮਰਦਾਨਗੀ ਅਤੇ ਜੋ ਔਰਤ ਕਰਦੀ ਹੈ ਉਸ ਨੂੰ Femininty ਕਿਹਾ ਜਾਂਦਾ ਹੈ।

**Constinople (1973)** ਦੇ ਅਨੁਸਾਰ ਮਰਦਾਨਗੀ ਅਤੇ Femininty ਦੋਨੋਂ ਸੰਕਲਪ ਉਲਟ ਨਹੀਂ ਪਰ ਸਹਿ ਮੌਜੂਦ ਹਨ। ਇਹ ਇੱਕ ਇਤਿਹਾਸਕ ਸੰਕਲਪ ਹੈ। ਜੋ ਲਿੰਗ ਬਣਤਰ ਵਿੱਚ ਮਨੋਵਿਗਿਆਨਕ ਫਰਕ ਦੀ ਗੁੰਝਲਤਾ ਨੂੰ ਪਛਾਣਨ ਲਈ ਪਹਿਲਾ ਕਦਮ ਸੀ।

ਕਿਸੇ ਵੀ ਲਿੰਗ ਭੂਮਿਕਾ ਨੂੰ ਆਮਤੌਰ ਤੇ ਰਵੱਈਏ ਵਿਹਾਰ ਅਤੇ ਸਵੈ-ਪੇਸ਼ਕਾਰੀ ਦੇ ਆਧਾਰ ਤੇ ਪ੍ਰਭਾਸ਼ਿਤ ਕੀਤਾ ਜਾਂਦਾ ਹੈ।ਲਿੰਗ ਭੂਮਿਕਾ ਦੀ ਪਛਾਣ ਦੇ ਦੋ ਮੁੱਖ ਰੂਪ ਹਨ।

1. ਮਰਦਾਨਾ
2. ਔਰਤਪਨ

ਉਮਰ, ਨਸਲ ਅਤੇ ਸਮਾਜਿਕ ਪੱਧਰ ਵੀ ਹਰ ਵਿਆਕਤੀ ਦੇ ਰੋਲ ਨੂੰ ਪ੍ਰਭਾਸ਼ਿਤ ਕਰਦੇ ਹਨ।ਜੋ ਇਹ ਨਿਸ਼ਚਿਤ ਕਰਦੇ ਹਨ। ਕਿ ਆਦਮੀ ਅਤੇ ਔਰਤ ਕਿਵੇਂ ਇਹ ਨਿਸਚਿਤ ਕਰਦੇ ਹਨ ਕਿ ਆਦਮੀ ਅਤੇ ਔਰਤ ਕਿਵੇਂ ਸਮਾਜ ਵਿੱਚ ਵਿਚਰਦੇ ਹਨ ਅਤੇ ਉਹਨਾਂ ਤੋਂ ਕਿਸ ਤਰ੍ਹਾਂ ਦੇ ਰਵੱਈਏ ਅਤੇ ਵਤੀਰੇ ਦੀ ਉਮੀਦ ਕਰਦੇ ਹਨ।ਮਰਦ ਅਤੇ ਔਰਤ ਦੀਆਂ ਭੂਮਿਕਾ ਉਲਟ ਨਹੀ ਹਨ ਪਰ ਉਹ ਵੱਖ-ਵੱਖ ਮਾਪ ਹਨ।

***ਕਿਸੇ ਵੀ ਵਿਅਕਤੀ ਨੂੰ ਮਰਦਾਨਾ ਔਰਤਾਨਾ ਜਾਂ ਦੋਵੇਂ ਗੁਣਾਂ ਨਾਲ ਉਹਨਾ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਦਰਸਾਇਆ ਜਾ ਸਕਦਾ ਹੈ।***

- ਇਹਨਾਂ ਵਿੱਚ ਕੰਮ ਕਰਨ ਦਾ ਤਰੀਕਾ।
- ਕੰਮ ਦੇ ਪ੍ਰਤੀ ਰਵੱਈਆ (ਜਿਵੇਂ ਮਹਿਲਾਵਾਂ ਦਾ ਮੁੱਖ ਕੰਮ ਬੱਚਿਆਂ ਦੀ ਸਾਂਭ-ਸੰਭਾਲ ਆਦਿ)।
- ਬਾਹਰਲੀ ਦਿੱਖ (ਛੋਟੇ ਵਾਲ, ਪੈਂਟ-ਸ਼ਰਟ ਪਾਉਣੀ)।
- ਗੱਲ-ਗੱਲ ਤੇ ਰੋਣਾ ਜਾਂ ਸ਼ਕਤੀਸ਼ਾਲੀ ਬਣਨਾ।
- ਪਤਨੀ ਦਾ ਬਾਹਰ ਕੰਮ ਕਰਨਾ-ਗੈਰ ਇਤਰਾਜੀ ਜਾਂ ਵਿਤਕਰੇਬਾਜੀ।
- ਲੰਬੇ ਵਾਲ ਜਾਂ ਤੁਹਾਡੇ ਕਪੜੇ ਪਹਿਨਣ ਦਾ ਤਰੀਕਾ ਆਦਿ।

## 2.6 ਮਰਦ ਦੇ ਲਿੰਗ ਆਧਾਰਿਤ ਕਾਰਜ:- (Male gender role)

*" ਅਸਲ ਮਰਦ ਰੋਂਦੇ ਨਹੀਂ ਸਿਰਫ ਕਮਜ਼ੋਰ ਹੀ ਰੋਂਦੇ ਹਨ।"*

*- " ਕੀ ਕੁੜੀਆਂ ਵਾਂਗ ਸ਼ਰਮਾ ਰਹੇ ਹੋ।"*

ਮੁੰਡਿਆਂ ਨੂੰ ਬਚਪਨ ਤੋਂ ਹੀ ਇੰਨ੍ਹਾਂ ਟਿੱਪਣੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਵਾਰ ਮਰਦਾਂ ਤੋਂ ਉਮੀਦਾਂ ਵੀ ਜ਼ਿਆਦਾ ਹੁੰਦੀਆਂ ਹਨ।ਉਹ ਕੀ ਕਰ ਰਹੇ ਹਨ, ਕੀ ਕੱਪੜੇ ਪਾਉਂਦੇ ਹਨ, ਉਹਨਾ ਦਾ ਕੀ ਸ਼ੌਕ ਹੈ।ਕੀ ਰਵੱਈਆ ਹੈ? ਕੀ ਵਿਹਾਰ ਹੈ? ਅਕਸਰ ਇਹ ਸਾਡੇ ਸਮਾਜਿਕ ਦਬਾਅ ਨੂੰ ਉਹ ਮਹਿਸੂਸ ਕਰਦੇ ਹਨ।ਇਹ ਕੁਝ ਸਮਾਜਿਕ ਉਮੀਦਾਂ ਹਨ ਜੋ ਹਰ ਇੱਕ ਆਦਮੀ ਤੋਂ ਕੀਤੀਆਂ ਜਾਂਦੀਆਂ ਹਨ।

1. ਪੁਰਸ਼ ਤੋਂ ਹਮੇਸ਼ਾ ਮਜਬੂਤ,ਦਲੇਰ, ਬਹਾਦਰ, ਭਾਵਨਾਹੀਣ,ਕਠੋਰ,ਨਿਡਰ, ਅਤੇ ਅਮਲ ਕਰਨ ਵਾਲਾ ਆਦਿ ਵਿਸ਼ੇਸ਼ਤਾਵਾਂ ਦੀ ਉਮੀਦ ਕੀਤੀ ਜਾਂਦੀ ਹੈ।
2. ਉਹ ਕਮਜੋਰ,ਨਰਮ, ਅਧੀਨ ਜਾਂ ਨਿਕੰਮਾਂ ਨਹੀ ਹੋ ਸਕਦਾ।
3. ਉਹ ਹਰ ਸਾਹਮਣੇ ਲਈ ਜਾਂ ਲੜਾਈ ਲਈ ਹਮੇਸ਼ਾ ਤਿਆਰ ਚਾਹੀਦਾ ਹੈ। ਤਾਂਕਿ ਉਸ ਸਾਹਮਣੇ ਵਾਲਾ ਉਸ ਤੋਂ ਡਰ ਕੇ ਰਹੇ।ਉਹ ਸਰੀਰਕ ਤੌਰ ਤੇ ਪਰਿਵਾਰ ਦੀ ਰੱਖਿਆ ਕਰ ਸਕੇ।ਉਸ ਨੂੰ ਮੁੱਖ ਤੌਰ ਤੇ ਇੰਜੀਨੀਅਰ, ਡਾਕਟਰ, ਫੋਜੀ, ਅਤੇ ਮੈਨੇਜ਼ਰ ਆਦਿ ਇਸ ਤਰ੍ਹਾਂ ਦੇ ਕਿੱਤਿਆਂ ਦੀ ਚੋਣ ਕਰਨੀ ਚਾਹਦੀ ਹੈ।
4. ਇਕ ਅਸਲ ਆਦਮੀ ਦੇ ਸ਼ੋਂਕ ਜਿਵੇਂ ਤੇਜ ਕਾਰ ਚਲਾਉਣਾ, ਕ੍ਰਿਕੇਟ,ਫੁੱਟਬਾਲ, ਵਰਗੇ ਬਾਹਰਲੇ ਖੇਡ ਹੁੰਦੇ ਹਨ।ਉਹਨਾਂ ਦੀਆਂ ਕੁੜੀਆਂ ਵਰਗੀਆਂ ਆਦਤਾਂ ਜਿਵੇਂ ਖਾਣਾ ਬਣਾਉਣਾ, ਸਜਾਵਟ ਕਰਨਾ, ਸਿਖਾਈ-ਕਢਾਈ ਕਰਨਾ ਨਹੀਂ ਹੋਣਾ ਚਾਹੀਦਾ।
5. ਕੁਝ ਹੋਰ ਗੱਲਾਂ ਜਿਵੇਂ:- ਉਹਨਾ ਨੂੰ ਰੋਣਾਂ ਨਹੀਂ ਚਾਹੀਦਾ।

- ਮਰਦ ਨੂੰ ਦਰਦ ਨਹੀਂ ਹੁੰਦਾ।
- ਉਹ ਸ਼ਰਮੀਲੇ ਵੀ ਨਹੀਂ ਹੁੰਦੇ, ਆਦਿ।

## 2.7 ਸਮਾਜਿਕ ਦਬਾਅ ਦੇ ਨੁਕਸਾਨਦਾਇਕ ਪ੍ਰਭਾਵ:-

" ਮਰਦ ਕੋ ਦਰਦ ਨਹੀਂ ਹੋਤਾ " ਇਹ ਇੱਕ ਹਿੰਦੀ ਫਿਲਮ ਦਾ ਬਹੁਤ ਪ੍ਰਸਿਧ ਡਾਇਲਾਗ ਹੈ।

ਲਗਾਤਾਰ ਸਮਾਜਿਕ ਦਬਾਅ ਕਾਰਨ ਇੱਕ ਲੜਕਾ ਇਹ ਸਿੱਖ ਜਾਂਦਾ ਹੈ ਕਿ ਉਸ ਦੀਆਂ ਕਮੀਆਂ ਜਾਂ ਕਮਜ਼ੋਰੀ ਤੇ ਸਮਾਜ ਸਵੀਕਾਰ ਨਹੀਂ ਕਰੇਗਾ।ਅਤੇ ਕਿਸੇ ਨੂੰ ਇਸ ਬਾਰੇ ਪਤਾ ਵੀ ਨਹੀਂ ਹੋਣਾ ਚਾਹੀਦਾ।

1. ਸਮਾਜਿਕ ਦਬਾਅ ਹੇਠ ਲੜਕੇ ਕਈ ਵਾਰ ਇਹ ਦਿਖਾਵਾ ਵੀ ਕਰਦੇ ਹਨ ਕਿ ਉਹ ਸਾਰੀਆਂ ਵਿਸ਼ੇਸ਼ਤਾਵਾਂ ਦੇ ਨਾਲ ਸੰਪੂਰਨ ਹਨ। ਇਹ ਕਈ ਵਾਰ ego ਅੰਹਕਾਰ ਨੂੰ ਵੀ ਜਨਮ ਦਿੰਦੀ ਹੈ, ਇਹ ਸਾਰੇ ਮੁੱਦੇ ਉਸ ਦਾ ਜੀਵਨ ਦਬਾਅ ਭਰਪੂਰ ਬਣਾ ਦਿੰਦੇ ਹਨ।

2. ਕਈ ਵਾਰ ਅਸਲ ਮੁਸ਼ਕਿਲਾਂ ਦਾ ਸਾਹਮਣਾ ਵੀ ਉਹ ਇਕੱਲਾ ਹੀ ਕਰਦਾ ਹੈ,ਕਿਸੇ ਤੋਂ ਮਦਦ ਜਾਂ ਰਾਏ ਲੈਣਾ ਵੀ ਕਾਇਰਤਾ ਸਮਝਿਆ ਜਾਂਦਾ ਹੈ।

3. ਇਸ ਲਈ ਜਵਾਨੀ ਵਿੱਚ ਜਾਂ ਬਾਲਗਪਨ ਵਿੱਚ ਕੀਤੀਆਂ ਗਲਤੀਆਂ ਬਾਰੇ ਕਿਸੇ ਨਾਲ ਵਿਚਾਰ-ਵਟਾਂਦਰਾ ਨਹੀਂ ਕੀਤਾ ਜਾਂਦਾ। ਜਿਸ ਕਰਕੇ ਉਹ ਦੁਬਾਰਾ ਵੀ ਵਾਪਰ ਸਕਦੀਆਂ ਹਨ।

4. ਮਰਦ ਜਾਂ ਲੜਕੇ ਵੀ ਕਿਸੇ ਵੀ ਇਨਸਾਨ ਦੀ ਤਰ੍ਹਾਂ ਦਰਦ ਮਹਿਸੂਸ ਕਰਦੇ ਹਨ।

5. ਸਮਾਜਿਕ ਮਰਦਾਨਾ ਰੋਲ/ਕਾਰਜ ਕਈ ਵਾਰ ਜਜ਼ਬਾਤਾਂ ਨੂੰ ਜਾਹਿਰ ਕਰਨ ਵਿੱਚ ਰੁਕਾਵਟ ਹੁੰਦਾ ਹੈ।ਜਿਸ ਕਰਕੇ ਇਹ ਪੁਰਸ਼ ਦੁਆਰਾ ਕੀਤੇ ਜ਼ੁਲਮਾਂ ਵਿੱਚ ਵਾਧਾ ਕਰਦਾ ਹੈ।

6. ਜਜ਼ਬਾਤ ਸਾਡੇ ਜੀਵਨ ਦਾ ਅਹਿਮ ਹਿੱਸਾ ਹੈ। ਇਹ ਸਾਡੀ ਅੰਦਰੂਨੀ ਆਵਾਜ਼ ਹੈ ਜੇ ਅਸੀਂ ਜਜ਼ਬਾਤਾਂ ਨੂੰ ਦਬਾਅ ਲੈਦੇਂ ਹਾਂ ਤਾਂ ਸਾਡੀ ਮਨ ਦੀ ਅਵਾਜ਼, ਲੋੜਾਂ ਅਤੇ ਇਛਾਵਾਂ ਨਾਲ ਸਪੰਰਕ ਗੁਆ ਲੈਂਦੇ ਹਾਂ। ਇਸ ਕਰਕੇ ਸੱਚੀ ਖੁਸ਼ੀ ਤੋਂ ਵਾਂਝੇ ਰਹਿ ਜਾਂਦੇ ਹਾਂ।

7. ਸ਼ੁਰੂ ਤੋਂ ਹੀ ਮਰਦ ਜਾਂ ਲੜਕੇ ਆਪਣੇ ਜਜ਼ਬਾਤਾਂ ਨੂੰ ਲਕਾਉਣਾ ਸ਼ੁਰੂ ਕਰ ਦਿੰਦੇ ਹਨ। ਉਹਨਾਂ ਨੂੰ ਇਹ ਡਰ ਲੱਗਿਆ ਰਹਿੰਦਾ ਹੈ ਕਿ ਕਿਤੇ ਉਹ ਮਜ਼ਾਕ ਦਾ ਪਾਤਰ ਨਾ ਬਣ ਜਾਣ ਉਦਾਹਰਣ ਦੇ ਤੌਰ ਤੇ ਜੇ ਕਿਸੇ ਮੁੰਡੇ ਦੇ ਸੱਟ ਲੱਗ ਜਾਵੇ ਤਾਂ ਉਸ ਨੂੰ ਇਹ ਸਿਖਾਇਆ ਜਾਂਦਾ ਹੈ, ਕਿ ਤੂੰ ਤਾਂ ਮੁੰਡਾ ਹੈ ਤੇਰਾ ਰੋਣਾ ਚੰਗਾ ਨਹੀਂ ਲੱਗਦਾ ਜਾਂ ਮੁੰਡੇ ਵੀ ਕਦੇ ਰੋਂਦੇ ਹਨ। ਇਹ ਵੀ ਕਿਹਾ ਜਾਂਦਾ ਹੈ।ਗੁਲਾਬੀ ਰੰਗ ਤਾਂ ਕੁੜੀਆਂ ਦਾ ਹੈ ਅਤੇ ਕੁੜੀਆਂ ਹੀ ਗੁੱਡੀਆਂ ਨਾਲ ਖੇਡਦੀਆਂ ਹਨ, ਮੁੰਡੇ ਨਹੀਂ।

8. ਇਹ ਸਾਰੀਆਂ ਪਾਬੰਦੀਆਂ ਇੱਕ ਮੁੰਡੇ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀਆਂ ਹਨ।ਉਹ ਭਾਵਨਾਵਾਂ ਜਿਹੜੀਆਂ ਉਸ ਨੂੰ ਇਹ ਸਭ ਕਰਨ ਲਈ ਉਕਸਾਉਦੀਆਂ ਹਨ ਉਹਨਾਂ ਤੋਂ ਉਹ ਨਫਰਤ ਕਰਦਾ ਹੈ।ਹੋਲੀ-ਹੋਲੀ ਉਹ ਸਿਰਫ ਆਪਣਾ ਦਿਮਾਗ ਵਰਤਣਾ ਸ਼ੁਰੂ ਕਰ ਦਿੰਦਾ ਹੈ। ਭਾਵਨਾਵਾਂ ਦੀ ਉਸ ਦੇ ਜੀਵਨ ਵਿਚ ਖਾਸ ਅਹਮਿਅਤ ਨਹੀਂ ਰਹਿੰਦੀ।

9.ਜਿਆਦਾ ਸਮੇਂ ਤੱਕ ਜਜ਼ਬਾਤ ਨੂੰ ਦਬਾਉਣ ਦੇ ਕਾਰਨ ਜਿਅਦਾਤਰ ਪੁਰਸ਼ ਆਪਣੇ ਅਸਲੀ ਜਜ਼ਬਾਤ ਜ਼ਾਹਿਰ ਕਰਨ ਦੀ ਯੋਗਤਾ ਗੁਆ ਬੈਠਦੇ ਹਨ।

10. ਪੁਰਸ਼ ਹਮੇਸ਼ਾਂ ਸਮਾਜ ਲਈ ਆਪਣੇ ਸਵੈਂ ਨੂੰ ਜਾਹਿਰ ਕਰਨ ਦੀ ਵਿਖਾਉਣ ਦੀ ਬਲੀ ਦੇ ਦਿੰਦੇ ਹਨ, ਪਰ ਉਹ ਹਮੇਸ਼ਾ ਅਜਿਹਾ ਕਰਕੇ ਖੁਦ ਨੂੰ ਕਸ਼ਟ ਹੀ ਦਿੰਦੇ ਹਨ।

11. ਉਹਨਾਂ ਨੂੰ ਦੋਹਰੀ ਜਿੰਦਗੀ ਜੀਉਣ ਲਈ ਮਜਬੂਰ ਕਰ ਦਿੰਦੇ ਹਨ। ਇਹ ਬਹੁਤ ਤਨਾਅ ਭਰਭੂਰ ਸਥਿਤੀ ਹੁੰਦੀ ਹੈ।

12. ਆਧੁਨਿਕ ਸਮਾਜ ਮਰਦਾਂ ਦੇ ਭਾਵਨਾਤਮਕ ਖੇਤਰ ਦੇ ਪ੍ਰਸਾਰ ਨੂੰ ਇਕ ਕਮਜ਼ੋਰੀ ਦੀ ਨਿਸ਼ਾਨੀ ਸਮਝਦਾ ਹੈ।ਇਹ ਉਹਨਾਂ ਨੂੰ ਭਾਵਨਾਹੀਣ ਤਾਰਕਿਕ ਅਤੇ ਪ੍ਰਯੋਗਿਕ ਬਣਨ ਲਈ ਉਤਸ਼ਾਹਿਤ ਕਰਦਾ ਹੈ। ਪਰ ਰਵਾਇਤੀ ਸਮਾਜ ਵਿੱਚ ਪੁਰਸ਼ ਦੇ ਜਜ਼ਬਾਤਾਂ ਨੂੰ ਵਾਰਤਕ ਅਤੇ ਕਵਿਤਾ ਦੁਆਰਾ ਮਰਦਾਨਗੀ ਦੇ ਰੂਪ ਵਿੱਚ ਵੀ ਵਿਖਾਇਆ ਜਾਂਦਾ ਹੈ। ਕਈ ਉਤਸ਼ਾਹਿਤ ਮਰਦ ਮਹਾਨ ਕਵੀ ਅਤੇ ਦਾਰਸ਼ਨਿਕ ਬਣ ਜਾਂਦੇ ਹਨ।

ਅੱਜ ਦਾ ਪੁਰਸ਼ ਜਜ਼ਬਾਤਾਂ ਜਾਂ ਭਾਵਨਾਵਾਂ ਤੋਂ ਬਹੁਤ ਦੂਰ ਹੋ ਗਿਆ ਹੈ। ਉਸ ਦੀ ਮਹਿਸੂਸ ਕਰਨ ਦੀ ਸਮਰੱਥਾ ਖਤਮ ਹੋ ਗਈ ਹੈ।ਉਹ ਆਪਣੇ ਦਿਮਾਗ ਦਾ ਜਜ਼ਬਾਤੀ ਪਾਸੇ ਦੀ ਵਰਤੋਂ ਘੱਟ ਕਰਦਾ ਹੈ। ਕੁਝ ਲੋਕਾਂ ਦਾ ਇਹ ਦਾਅਵਾ ਹੈ ਕਿ ਪੁਰਸ਼ ਕੁਦਰਤੀ ਤੋਰ ਤੇ ਹੀ ਭਾਵੁਕ ਨਹੀਂ ਹਨ। ਪਰ ਇਹ ਸੱਚ ਨਹੀਂ ਹੈ। ਪੁਰਸ਼ ਨੂੰ ਭਾਵਨਾਤਮਕ ਨਾ ਬਣਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹ ਤਰਕਹੀਣ ਹੈ ਕਿ ਪੁਰਸ਼ ਜਾਂ ਮਰਦ ਕੁਦਰਤੀ ਹੀ ਜਜ਼ਬਾਤਾਂ ਤੇ ਭਾਵਨਾਵਾਂ ਤੋਂ ਦੂਰ ਹੁੰਦੇ ਹਨ।

**2.8 ਨਾਰੀਵਾਦ** - ਨਾਰੀਵਾਦ ਔਰਤ ਅਤੇ ਆਦਮੀ ਦੇ ਬਰਾਬਰ ਹੋਣ ਦੇ ਪੱਖ ਵਿੱਚ ਹੈ।ਇਸ ਥਿਊਰੀ ਦੇ ਅਨੁਸਾਰ ਰਾਜਨੀਤਿਕ ਤੌਰ ਤੇ, ਆਰਥਿਕ ਤੌਰ, ਅਤੇ ਸਮਾਜਿਕ ਤੌਰ ਤੇ, ਔਰਤ ਅਤੇ ਆਦਮੀ ਬਰਾਬਰ ਹਨ।ਇਸ ਨੂੰ ਕਈ ਵਾਰ ਨਾਰੀਵਾਦ ਵੀ ਕਿਹਾ ਜਾਂਦਾ ਹੈ।

**ਮੁੱਢਲੇ ਨਾਰੀਵਾਦੀ ਵਿਚਾਰ** :- ਨਾਰੀਵਾਦ ਪੰਜ ਸਿਧਾਂਤਾ ਉੱਤੇ ਅਧਾਰਿਤ ਹੈ।

1. ਬਰਾਬਰੀ ਨੂੰ ਵਧਾਉਣ ਲਈ ਕੰਮ ਕਰਨਾ :- ਨਾਰੀਵਾਦ ਥਿਊਰੀ ਵਿਚਾਰ ਅਤੇ ਕਾਰਵਾਈ ਵਿਚ ਇਕ ਸੰਬੰਧ ਸਥਾਪਿਤ ਕਰਦੀ ਹੈ ਤਾਂਕਿ ਅਸੀਂ ਜਿਸ ਲਿੰਗ ਬਰਾਬਰੀ ਦੀ ਗੱਲ ਕਰਦੇ ਹਾਂ। ਉਸ ਨੂੰ ਪੂਰਾਣੀ ਵੀ ਕਰੀਏ।

2. ਮਨੁੱਖੀ ਪਸੰਦ ਦੀ ਵਿਸਤਾਰਸ਼ੀਲਤਾ :- ਨਾਰੀਵਾਦ ਇਹ ਵਿਸ਼ਵਾਸ਼ ਕਰਦਾ ਹੈ। ਕਿ ਆਦਮੀ ਅਤੇ ਔਰਤ ਨੂੰ ਮਨੁੱਖੀ ਹਿੱਤ ਅਤੇ ਹੁਨਰ ਨੂੰ ਵਿਕਸਿਤ ਕਰਨ ਦੀ ਅਜਾਦੀ ਹੋਣੀ ਚਾਹੀਦੀ ਹੈ। ਉਦਾਹਰਣ ਦੇ ਤੌਰ ਤੇ ਜੇ ਕੋਈ ਔਰਤ ਮਕੈਨਿਕ ਬਣਨਾ ਚਾਹੁੰਦੀ ਹੈ ਤਾਂ ਉਹ ਇਸ ਕਿੱਤੇ ਨੂੰ ਬਿਨਾਂ ਕਿਸੇ ਝਿਜਕ ਚੁਣ ਸਕਦੀ ਹੈ।

3. ਲਿੰਗ ਭੇਦਭਾਵ ਦਾ ਖਾਤਮਾ :-ਇਸ ਦੇ ਅਨੁਸਾਰ ਮਰਦ ਅਤੇ ਔਰਤ ਨੂੰ ਆਮਦਨ ਸਿੱਖਿਆ ਅਤੇ ਨੌਕਰੀ ਦੇ ਮੌਕੇ ਬਰਾਬਰ ਮਿਲਣੇ ਚਾਹੀਦੇ ਹਨ।

4. ਜਿਨਸੀ ਹਿੰਸਾਂ ਦਾ ਖਾਤਮਾ ਅਤੇ ਜਿਨਸੀ ਅਜਾਦੀ ਨੂੰ ਉਤਸ਼ਾਹਿਤ ਕਰਨਾ :-ਨਾਰੀਵਾਦ ਅਨੁਸਾਰ ਪ੍ਰਜਨਣ ਕਿਰਿਆ ਆਦਿ ਉੱਤੇ ਨਾਰੀ ਦਾ ਸਵੈਂ ਅਧਿਕਾਰ ਹੋਣਾ ਚਾਹੀਦਾ ਹੈ।ਨਾ ਕਿ ਉਸ ਦੇ ਪਰਿਵਾਰ ਦਾ?

**2.9 ਨਾਰੀਵਾਦ ਦੀਆਂ ਕਿਸਮਾਂ** :-

ਨਾਰੀਵਾਦ ਦੇ ਤਿੰਨ ਬੁਨਿਆਦੀ ਰੂਪ ਹਨ।

**1. ਉਦਾਰਵਾਦ ਨਾਰੀਵਾਦ** :- ਇਸ ਦੀਆਂ ਜੜ੍ਹਾਂ ਅਜਾਦ ਜਾਂ ਉਦਾਰ ਵਿਚਾਰਾਂ ਵਾਲੀਆਂ ਹਨ। ਜੋ ਇਹ ਮੰਨਦੀਆਂ ਹਨ ਕਿ ਵਿਆਕਤੀ ਨੂੰ ਆਪਣਾ ਹੁਨਰ ਅਤੇ ਦਿਲਚਸਪੀਆਂ ਨੂੰ ਵਿਖਾਉਣ ਦੀ ਵਧਾਉਣ ਦੀ ਅਜਾਦੀ ਹੋਣੀ ਚਾਹੀਦੀ ਹੈ।ਸਾਡੇ ਸਮਾਜਿਕ ਅਤੇ ਸਭਿਆਚਾਰਕ ਦਾਇਰੇ ਵਿਚ ਇਹ ਲਿੰਗ ਬਰਾਬਰੀ ਨੂੰ ਪਹਿਲ ਦਿੰਦਾ ਹੈ।ਉਦਾਰਵਾਦ ਨਾਰੀਵਾਰਦ ਸਮਾਜ ਦੇ ਪੁਨਰ ਗਠਨ ਲਈ ਔਰਤ ਦੀ ਬਰਾਬਰੀ ਦੀ ਗੱਲ ਨਹੀਂ ਕਰਦਾ ਬਲਕਿ ਉਹ ਔਰਤ ਦੇ ਹੱਕ ਅਤੇ ਮੌਕਿਆਂ ਦੇ ਵਿਸਥਾਰ ਲਈ ਔਰਤ ਦੀ ਬਰਾਬਰੀ ਚਾਹੁੰਦਾ ਹੈ।ਇਹ ਮੁੱਖ ਰੂਪ ਵਿੱਚ ਕਾਨੂੰਨ ਦੁਆਰਾ ਦਿੱਤੇ ਗਏ ਬਰਾਬਰੀ ਦੇ ਅਧਿਕਾਰ ਦੀ ਰੱਖਿਆ ਕਰਦਾ ਹੈ। 1972 ਵਿੱਚ ਬਰਾਬਰੀ ਦੇ ਅਧਿਕਾਰ ਵਿੱਚ ਸੋਧ ਉਦਾਰਵਾਦ ਨਾਰੀਵਾਦ ਦਾ ਮੁੱਖ ਹਿੱਸਾ ਹੈ।

**2.ਸਮਾਜਵਾਦੀ ਨਾਰੀਵਾਦ**- ਇਹ ਕਾਰਲ ਮਾਰਕਸ ਦੀ ਦੇਣ ਹੈ ਜੋ ਪੁਰਖ-ਵਾਦ ਜਾਂ ਪਿਤਾ ਪੁਰਖੀ (ਜਿਸ ਵਿਚ ਸ਼ਕਤੀਆਂ ਕੁਝ ਪੁਰਸ਼ਾਂ ਦੇ ਹੱਥ ਵਿਚ ਹੁੰਦੀ ਹੈ।) ਨੂੰ ਜਿੰਮੇਵਾਰ ਮੰਨਦਾ ਹੈ।ਸਮਾਜਵਾਦੀ ਨਾਰੀਵਾਦ ਇਹ ਮੰਨਦਾ ਹੈ ਕਿ ਰਵਾਇਤੀ ਪਰਿਵਾਰ ਪ੍ਰਣਾਲੀ ਪੂੰਜੀਵਾਦ ਪ੍ਰਣਾਲੀ ਤੇ ਅਧਾਰਿਤ ਹੈ। ਜਿਥੇ ਔਰਤਾਂ ਘਰ ਰਹਿੰਦੀਆਂ ਹਨ ਅਤੇ ਆਦਮੀ ਕੰਮ ਕਰਦੇ ਸਨ, ਇਹ ਔਰਤਾਂ ਵਿਰੁੱਧ ਭੇਦਭਾਵ ਦਾ ਮੁੱਖ ਕਰਾਣ ਸੀ। ਇਹ ਰਵਾਇਤੀ ਪਰਿਵਾਰ ਪ੍ਰਣਾਲੀ ਸਿਰਫ ਸਮਾਜਵਾਦੀ ਨਾਰੀਵਾਦ ਰਾਹੀਂ ਹੀ ਬਦਲ ਸਕਦੀ ਹੈ।

**3. ਇਨਕਲਾਬੀ ਨਾਰੀਵਾਦ-** ਇਸ ਵਿਚਾਰਧਾਰਾ ਦੇ ਅਨੁਸਾਰ ਪੁਰਸ਼ ਨਾ ਕਿ ਔਰਤ ਦੇ ਖਿਲਾਫ ਹੋਈ ਅਤਿਚਾਰ ਤੋਂ ਫਾਇਦਾ ਉਠਾਉਦੇਂ ਹਨ ਬਲਕਿ ਉਸ ਲਈ ਜ਼ਿੰਮੇਵਾਰ ਵੀ ਹਨ।

**4. ਸਭਿਆਚਾਰਕ ਨਾਰੀਵਾਦ:-** ਇਸ ਥਿਊਰੀ ਦੇ ਅਨੁਸਾਰ ਆਦਮੀ ਅਤੇ ਔਰਤ ਦੀ ਸ਼ਖਸ਼ੀਅਤ ਵਿੱਚ ਕੁਝ ਖਾਸ ਮੁੱਢਲੇ ਅੰਤਰ ਹੁੰਦੇ ਹਨ।ਜੋ ਕਿ ਖੁੱਲ੍ਹੇ ਦਿਲ ਨਾਲ ਅਪਣਾ ਲੈਣੇ ਚਾਹੀਦੇ ਹਨ। ਇਹ ਪੁਰਸ਼ ਅਤੇ ਔਰਤ ਵਿਚ ਜੈਵਿਕ ਅੰਤਰਾਂ ਨੂੰ ਮੰਨਦੀ ਹੈ। ਉਦਾਹਰਣ ਦੇ ਤੌਰ ਤੇ ਔਰਤ ਆਮ ਤੌਰ ਤੇ ਜਿਆਦਾ ਨਰਮ ਅਤੇ ਦਿਆਲੂ ਹੁੰਦੀਆਂ ਹਨ।ਜਿਸ ਅਨੁਸਾਰ ਜੋ ਔਰਤਾਂ ਸੰਸਾਰ ਤੇ ਰਾਜ ਕਰਨ ਤਾਂ ਸ਼ਾਇਦ ਹੀ ਕੋਈ ਜੰਗ ਸੰਸਾਰ ਵਿਚ ਹੋਵੇ।ਸਭਿਆਚਾਰਕ ਨਾਰੀਵਾਦ ਅਨੁਸਾਰ ਸਾਨੂੰ ਔਰਤਾਂ ਦੀਆਂ ਖਾਸ ਖੂਬੀਆਂ ਤਰੀਕੇ ਅਤੇ ਵਿਸ਼ੇਸ਼ਤਾਵਾਂ ਨੂੰ ਖੁੱਲ੍ਹੇ ਦਿਲ ਦਿਮਾਗ ਨਾਲ ਮੰਜ਼ੂਰ ਕਰਦੇ ਹੋਏ ਸਮਾਜ ਨੂੰ ਹੋਰ ਸੁਧਾਰਨ ਲਈ ਵਰਤਣਾ ਚਾਹੀਦਾ ਹੈ।

## 2.10 ਨਾਰੀਵਾਦ ਦਾ ਇਤਿਹਾਸ :-

ਨਾਰੀਵਾਦ ਸ਼ਬਦ ਰਾਜਨੀਤਿਕ ਤੌਰ ਤੇ ਸਭਿਆਚਾਰਕ ਤੇ ਜਾਂ ਆਰਥਿਕ ਤੌਰ ਤੇ ਔਰਤਾਂ ਲਈ ਬਰਾਬਰੀ ਦੇ ਹੱਕਾਂ ਅਤੇ ਕਾਨੂੰਨੀ ਤੌਰ ਤੇ ਔਰਤਾਂ ਲਈ ਬਰਾਬਰੀ ਦੇ ਹੱਕਾਂ ਅਤੇ ਕਾਨੂੰਨੀ ਤੌਰ ਤੇ ਔਰਤਾਂ ਦੀ ਰੱਖਿਆ ਲਈ ਵਰਤਿਆ ਜਾਂਦਾ ਹੈ। ਨਾਰੀਵਾਦ ਅਧੀਨ ਰਾਜਨੀਤਿਕ ਥਿਊਰੀਆਂ ਸ਼ਾਮਿਲ ਹਨ। ਜੋ ਲਿੰਗ ਵਿਤਕਰੇ ਦੇ ਮੁੱਦੇ ਨਾਲ ਸੰਬੰਧਿਤ ਹਨ ਅਤੇ ਜੋ ਲਿੰਗ ਬਰਾਬਰੀ ਅਤੇ ਔਰਤਾਂ ਦੇ ਹੱਕਾਂ ਅਤੇ ਹਿੱਤ ਦੇ ਲਈ ਵਕਾਲਤ ਕਰਦੇ ਹਨ। ਚਾਹੇ ਨਾਰੀਵਾਦ ਜਨਤਕ ਮੁਦਰਾ ਸਫੀਤੀ ਵਿੱਚ ਬਹੁਤ ਪਹਿਲਾ ਵਰਤਿਆ ਜਾਂਦਾ ਸ਼ਬਦ ਹੈ ਜਿਵੇਂ 1942 ਵਿੱਚ ਅਮਰੀਕਾ ਦੀ ਅਦਾਕਾਰਾ ਕੈਥਰੀਨ ਹੈਪਬਰਨ ਨੇ ਇਕ ਫਿਲਮ " ਵੂਮੈਨ ਆਫ ਦੀ ਯੀਅਰ "ਵਿੱਚ ਵੀ ਨਾਰੀਵਦਾ ਲਹਿਰ ਦਾ ਜ਼ਿਕਰ ਕੀਤਾ ਸੀ। ਪਰ ਇਸ ਦਾ ਜਿਆਦਾ ਅਸਰ 1970 ਤੋਂ ਹੀ ਵੇਖਿਆ ਗਿਆ ਹੈ।

ਮੈਗੀ ਹਮ ਅਤੇ ਰਬੈਕਾ ਵਾਕਰ ਅਨੁਸਾਰ ਨਾਰੀਵਾਦ ਦਾ ਇਤਿਹਾਸ ਤਿੰਨ ਲਹਿਰਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਨਾਰੀਵਾਦ ਲਹਿਰ 19ਵੀਂ ਸਦੀ ਦੇ ਅੰਤ ਵਿਚ ਤੇ 20ਵੀਂ ਸਦੀ ਦੇ ਸ਼ੁਰੂਆਤ ਵਿੱਚ ਚੱਲੀ । ਦੂਜੀ ਲਹਿਰ 20ਸਦੀ ਸਦੀ ਦੇ ਮੱਧ ਵਿਚ (1960) ਅਤੇ ਤੀਜੀ ਲਹਿਰ 20ਸਦੀ ਦੇ ਅੰਤ ਵਿਚ (1990) ਵਿੱਚ ਚੱਲੀ। ਨਾਰੀਵਾਦ ਦੇ ਸਿਧਾਂਤ ਇਹਨਾਂ ਲਹਿਰਾਂ ਤੋਂ ਬਾਅਦ ਹੋਂਦ ਵਿਚ ਆਇਆ। ਇਹ ਕਈ ਵਾਰ ਨਾਰੀਵਾਦ ਭੂਗੋਲ ਨਾਰਵਾਦ ਇਤਿਹਾਸ ਅਤੇ ਨਾਰੀਵਾਦ ਸਾਹਿਤਕ ਅਲੋਚਨਾ ਦੇ ਰੂਪ ਵਿਚ ਵੀ ਸਾਹਮਣੇ ਆਂਉਦਾ ਹੈ। ਨਾਰੀਵਾਦ ਨੇ ਪੱਛਮੀ ਸਮਾਜ ਵਿੱਚ ਸਭਿਆਚਾਰ ਤੋਂ ਲੈ ਕੇ ਕਾਨੂੰਨ ਦੇ ਖੇਤਰ ਦੇ ਅੰਦਰ ਇਕ ਰਵਾਇਤੀ ਨਜ਼ਰੀਏ ਨੂੰ ਵਿਆਪਕ ਢੰਗ ਨਾਲ ਬਦਲਿਆ ਹੈ।ਨਾਰੀਵਾਦ ਕਾਰਕੂੰਨ ਮਹਿਲਾਵਾਂ ਨੇ ਔਰਤਾਂ ਦੇ ਕਾਨੂੰਨੀ ਅਧਿਕਾਰਾਂ ਲਈ ਜਿਵੇਂ ਜਾਇਦਾਦ ਦਾ ਅਧਿਕਾਰ,ਵੋਟ ਪਾਉਣ ਦਾ ਅਧਿਕਾਰ ਮਹਿਲਾਵਾਂ ਦੀ ਖੁਦਮੁਖਤਾਰੀ ਦਾ ਅਧਿਕਾਰ, ਗਰਭਪਾਤ ਦਾ ਅਧਿਕਾਰ,ਪ੍ਰਜਨਨ ਲਈ ਅਧਿਕਾਰ ,ਘਰੇਲੂ ਹਿੰਸਾਂ ਤੋ ਔਰਤਾਂ ਨੂੰ ਅਤੇ ਬੱਚੀਆਂ ਨੂੰ ਬਚਾਉਣਾ, ਯੋਣ ਸ਼ੋਸ਼ਣ ,ਬਲਤਕਾਰ ਤੋਂ ਬਚਾਉਣਾ, ਕੰਮ ਕਰਨ ਵਾਲੀ ਥਾ ਉੱਤੇ ਮਰਦਾਂ ਦੇ ਬਰਾਬਰ ਹੱਕ ਦਿਵਾਉਣਾ, ਜਿਵੇ ਜਣੇਪਾ ਛੁੱਟੀ, ਬਰਾਬਰ ਤਨਖਾਹ ਆਦਿ ਹੋਰ ਅਧਿਕਾਰਾਂ ਬਾਰੇ ਜਾਣੂ ਕਰਵਾਇਆ ਹੈ।

ਨਾਰੀਵਾਦ ਦੇ ਇਤਿਹਾਸ ਦੇ ਵੱਲ ਜੇ ਝਾਤੀ ਮਾਰੀਏ ਤਾਂ ਜਿਆਦਤਰ ਨਾਰੀਵਾਦ ਅੰਦੋਲਨ ਦੇ ਪ੍ਰਮੁੱਖ ਆਗੂ ਪੱਛਮੀ ਯੂਰਪ ਅਤੇ ਉਤੱਰੀ ਅਮਰੀਕਾ ਦੀਆਂ ਮੱਧਵਰਗੀ ਗੋਰੀ ਔਰਤਾਂ (ਅੰਗਰੇਜ) ਸਨ।

ਸੋਜਰਨਰ ਟਰੁੱਥ ਜੋ ਕਿ ਔਰਤਾਂ ਦੇ ਹੱਕਾਂ ਲਈ ਹਮੇਸ਼ਾਂ ਲੜੀ ਇਕ ਅਫਰੀਕਨ ਸੀ ਜੋ ਗੋਰਿਆਂ ਦੁਆਰਾ ਗੁਲਾਮ ਬਣਾਈ ਹੋਈ ਸੀ। ਉਸ ਨੇ 1851 ਵਿੱਚ ਅਮਰੀਕਨ ਔਰਤਾਂ ਨੂੰ ਆਪਣੇ ਭਾਸ਼ਣਾ ਰਾਹੀਂ ਆਪਣੇ ਹੱਕਾਂ ਬਾਰੇ ਜਾਣੂ ਕਰਵਾਇਆ।

ਨਾਰੀਵਾਦ ਆਗੂਆਂ ਨੇ ਨਾਰੀਵਾਦ ਦੇ ਇਤਿਹਾਸ ਨੂੰ ਤਿੰਨ ਮੁੱਖ ਲਹਿਰਾਂ ਵਿੱਚ ਵੰਡਿਆ ਹੈ।

**1. ਪਹਿਲੀ ਲਹਿਰ :-** ਇਸ ਦਾ ਸਮਾਂ ਕਾਲ 19ਵੀਂ ਸਦੀ ਦੇ ਅੰਤ ਤੋਂ 20ਵੀਂ ਸਦੀ ਦੇ ਸ਼ੁਰੂਆਤ ਦਾ ਸੀ ਇਹ ਲਹਿਰ ਸਭ ਤੋਂ ਪਹਿਲਾਂ ਜਿਆਦਾ ਇੰਗਲੈਂਡ ਅਤੇ ਅਮਰੀਕਾ ਵਿਚ ਫੈਲੀ ਜਿੱਥੇ ਸ਼ੁਰੂਆਤ ਵਿੱਚ ਇਹ ਔਰਤਾਂ ਦੇ

ਲਈ ਬਰਾਬਰੀ ਦੇ ਹੱਕ ਅਤੇ ਗੁਲਾਮ ਵਿਆਹ, ਔਰਤਾਂ ਦੀ ਖਰੀਦੋ-ਫਰੋਖਤ ਦੇ ਖਿਲਾਫ ਆਦਿ ਦੇ ਉੱਤੇ ਹੀ ਕੇਂਦਰਿਤ ਸੀ। ਪਰ 19ਵੀਂ ਸਦੀ ਦੇ ਅੰਤ ਵਿੱਚ ਇਹ ਔਰਤਾਂ ਦੀ ਰਾਜਨੀਤਿਕ ਸਸ਼ਕਤੀਕਰਣ ਤੇ ਖਾਸਕਰ ਕੇ ਔਰਤਾਂ ਦਾ ਵੋਟ ਪਾਉਣ ਦੇ ਅਧਿਕਾਰ ਵੱਲ ਜਿਅਦਾ ਕੇਂਦਰਿਤ ਹੋ ਗਿਆ। ਇਸ ਤਰਾਂ ਔਰਤਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਆਜਾਦ ਕਰਵਾਉਣਾ ਜਿਵੇਂ ਗੋਰਿਆਂ ਦੁਆਰਾ (ਅਫਰੀਕਨ) ਕਾਲਿਆਂ ਦਾ ਸ਼ੋਸਣ, ਖਾਸ ਤੌਰ ਤੇ ਔਰਤਾਂ ਨੂੰ ਵੋਟ ਦਾ ਹੱਕ ਦਿਵਾਉਣਾ ਸੀ। ਪਹਿਲੀ ਲਹਿਰ ਨੇ ਨਾਰੀਵਾਦ ਵਿੱਚ ਇਹ ਅਹਿਮ ਭੂਮਿਕਾ ਨਿਭਾਈ ਹੈ। ਕਈ ਨਾਰੀਵਾਦ ਆਗੂ ਮਹਿਲਾਵਾਂ ਜਿਵੇ ਵੋਲਟਾਂਰੀਨ ਦੀ ਕਲੇਰੇ ਅਤੇ ਮਾਰਗਰੇਟ ਸੈਂਗਰ ਨੇ ਉਸ ਵੇਲੇ ਔਰਤਾਂ ਦੇ ਪ੍ਰਜਨਣ ਹੱਕਾਂ ਅਤੇ ਸ਼ਰੀਰਕ ਸ਼ੋਸ਼ਣ ਦੇ ਵਿਰੁੱਧ ਦੁਨੀਆ ਭਰ ਵਿਚ ਜਾਗਰੂਕਤਾ ਫੈਲਾਈ ।

1854 ਵਿੱਚ ਹੀ ਫਲੋਰੇਂਸ ਨਾਈਟਐਂਗਲ ਨੇ ਮਿਲਟਰੀ ਦੇ ਜ਼ਖਮੀ ਸਿਪਾਹੀਆਂ ਦੀ ਸੇਵਾ ਲਈ ਨਰਸਾਂ ਦੀ ਇੱਕ ਫੋਜ ਤਿਆਰ ਕੀਤੀ।ਇੰਗਲੈਂਡ ਵਿੱਚ ਇਸ ਸਮੇਂ ਦੋਰਾਨ ਨਾਰੀ ਮੱਤਅਧਿਕਾਰ ਅੰਦਲੋਨਕਾਰੀ ਔਰਤ ਦੇ ਮੱਤਅਧਿਕਾਰ ਲਈ ਪੂਰੀ ਤਰ੍ਹਾਂ ਜੁੱਟੇ ਹੋਏ ਸੀ। ਇਸ ਲਈ 1918 ਵਿੱਚ ਰੀਪਰਜੈਂਟ ਦੀ ਪੀਪਲ ਐਕਟ 1918 ਪਾਸ ਹੋਇਆ, ਜਿਸ ਵਿਚ 30 ਸਾਲ ਤੋਂ ਉੱਪਰ ਦੀਆਂ ਮਹਿਲਾਵਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ 1928 ਵਿੱਚ ਉਮਰ ਘੱਟ ਕੇ 21 ਸਾਲ ਦੀ ਕਰ ਦਿੱਤੀ ਗਈ। ਅਮਰੀਕਾ ਵਿੱਚ ਲੁਕਰੀਟਾਂ ,ਮੋਟ, ਲੂੱਸੀ ਸਟੋਨ,ਐਲਜਾਬੈਥ ਕੈਡੀ ਸਟੈਨਟਨ ਅਤੇ ਸੁਸਨ.ਬੀ.ਐਨਥਨੀ ਵਰਗੇ ਲੀਡਰਾਂ ਨੇ ਔਰਤਾਂ ਨੂੰ ਗੁਲਾਮੀ ਦੀ ਜ਼ਿੰਦਗੀ ਤੋਂ ਆਜਾਦ ਕਰਵਾਕੇ ਉਹਨਾਂ ਦੇ ਹੱਕਾਂ ਲਈ ਮੁਹਿੰਮ ਚਲਾਈ।

**2. ਦੂਜੀ ਪ੍ਰਮੱਖ ਲਹਿਰ** :- ਇਸ ਲਹਿਰ ਦਾ ਸਮਾਂ ਕਾਲ 20ਵੀਂ ਸਦੀ ਦੇ ਮੱਧ ਤੋਂ ਲੈ ਕੇ (1960-1980) ਅੰਤ ਤੋਂ ਪਹਿਲਾਂ ਤੱਕ ਚਲਿਆ।ਅੰਦਲੋਨਕਾਰੀ ਈਮੈਲਡਾ(IMelda Whelehan ) ਵੈਲਹਨ ਦੇ ਅਨੁਸਾਰ ਨਾਰੀਵਾਦ ਦੀ ਦੂਜੀ ਲਹਿਰ ਨਾਰੀ ਮੱਤਅਧਿਕਾਰ ਅੰਦੋਲਨ ਦਾ ਇੱਕ ਵਧਿਆ ਹੋਇਆ ਰੂਪ ਹੈ ਜੋ ਖਾਸ ਕਰਕੇ ਇੰਗਲੈਂਡ ਅਤੇ ਅਮਰੀਕਾ ਵਿੱਚ ਫੈਲਿਆ। ਦੂਜੀ ਲਹਿਰ ਦਾ ਨਾਰੀਵਾਦ ਤੀਜੀ ਲਹਿਰ ਦੇ ਨਾਰੀਵਾਦ ਅੰਦੋਲਨ ਦੇ ਨਾਲ ਹੀ ਚੱਲਿਆ ਸੀ।

ਅਸਟੈਲੀ ਫਰੀਡਮੈਨ (Estelle freedman) ਦੇ ਅਨੁਸਾਰ ਨਾਰੀਵਾਦ ਦੀ ਪਹਿਲੀ ਲਹਿਰ ਔਰਤਾਂ ਦੇ ਮੱਤ-ਅਧਿਕਾਰ ਤੇ ਜਿਅਦਾ ਕੇਂਦਰਿਤ ਸੀ ਉਥੇ ਹੀ ਦੂਜੀ ਲਹਿਰ ਹੋਰ ਮੁੱਦੇ ਜਿਵੇਂ ਬਰਾਬਰੀ ਦਾ ਮੁੱਦਾ ਤਾਂਕਿ ਔਰਤਾਂ ਖਿਲਾਫ਼ ਭੇਦਭਾਵ ਨੂੰ ਖਤਮ ਕੀਤਾ ਜਾਵੇ। ਇਸ ਤੋਂ ਬਾਦ ਹੀ ਔਰਤਾਂ ਰਾਜਨੀਤੀ ਵਿੱਚ ਮਰਦਾਂ ਦੇ ਨਾਲ ਬਰਾਬਰੀ ਕਰ ਸਕਦੀਆਂ ਹਨ। ਔਰਤਾਂ ਦੀ ਰਾਜਨੀਤਕ ਭਾਗੀਦਾਰੀ ਕਰ ਸਕਦੀਆਂ ਹਨ। ਔਰਤਾਂ ਦੀ ਰਾਜਨੀਤਕ ਭਾਗੀਦਾਰੀ ਨੂੰ ਵਧਾਉਣ ਲਈ ਪਹਿਲਾ ਭੇਦਭਾਵ ਨੂੰ ਖਤਮ ਕਰਨਾ ਜਰੂਰੀ ਸੀ।

**3. ਤੀਜੀ ਲਹਿਰ –** ਨਾਰੀਵਾਦ ਦੀ ਤੀਜੀ ਲਹਿਰ ਦੀ ਸ਼ੁਰਆਤ 1990 ਤੋਂ ਸ਼ੁਰੂ ਹੋ ਕੇ ਹੁਣ ਤੱਕ ਚੱਲ ਰਹੀ ਹੈ। ਇਹ ਲਹਿਰ ਦੂਜੀ ਲਹਿਰ ਵਿੱਚ ਰਹਿੰਦੀਆਂ ਖਾਮੀਆਂ ਨੂੰ ਦੂਰ ਕਰਨਾ ਸੀ। ਨਾਰੀਵਾਦ ਦੀ ਇਸ ਲਹਿਰ ਦੇ ਪ੍ਰਮੁੱਖ ਅੰਦੋਲਨਕਾਰੀ ਰਬੈਕਾ ਵਾਕਰ ਅਤੇ ਐਮੀ ਰਿਚਰਡਸ ਹਨ।ਇਸ ਲਹਿਰ ਦੇ ਹਰ ਪੜਾਅ ਤੇ ਸਥਾਨ ਦਿੱਤਾ ਜਾਣਾ ਸ਼ੁਰੂ ਹੋ ਗਿਆ ਚਾਹੇ ਉਹ ਰਾਸ਼ਟਰਪਤੀ ਦਾ ਆਹੁਦਾ ਹੈ,ਚਾਹੇ ਉਹ ਉਪ-ਰਾਸ਼ਟਰੀਪਤੀ ਦਾ ਅਹੁਦਾ ਹੈ, ਜਾਂ ਮੁੱਖ ਮੰਤਰੀ ਦਾ ਅਹੁੱਦਾ, ਸਪੀਕਰ ਦਾ ਅਹੁਦਾ ਜੱਜ ਦਾ ਅਹੁਦਾ ਆਦਿ, ਇਸ ਲਹਿਰ ਵਿੱਚ ਲਿੰਗ ਵਿਤਕਰੇ ਨੂੰ ਔਰਤ ਖਿਲਾਫ਼ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਨੂੰ, ਹਿੰਸਾ ਨੂੰ ਬਹੁਤ ਗੰਭੀਰ ਰੂਪ ਵਿੱਚ ਲਿਆ ਗਿਆ ਹੈ।ਇਸ ਲਹਿਰ ਵਿਚ ਔਰਤ ਨੂੰ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਜਾਂ ਇਕੱਲਾ ਰਹਿਣ ਤੋਂ ਲੈ ਕੇ ਪ੍ਰਜਨਣ ਕਿਰਿਆ ਆਦਿ ਸਭ ਦੇ ਹੱਕ ਦੇ ਮੁੱਦੇ ਉਠਾਏ ਗਏ ਹਨ। ਇਸ ਲਹਿਰ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਔਰਤ ਨੂੰ ਸਭ ਤੋ ਪਹਿਲਾਂ ਇਕ ਇਨਸਾਨ ਹੋਣ ਦੀ ਨਜਰ ਨਾਲ ਵੇਖਿਆ ਜਾਵੇ ਨਾ ਕਿ ਲਿੰਗ ਨਾਲ ਸਬੰਧਿਤ।

## 2.11 ਅਭਿਆਸ

1. ਲਿੰਗ ਦੀ ਪਰਿਭਾਸ਼ਾ ਦਿਉ।
2. ਪਿਤਾ-ਪੁਰਖੀ ਪ੍ਰਣਾਲੀ ਦੀ ਪਰਿਭਾਸ਼ਾ ਦਿਉ।
3. ਪਿਤਾ-ਪੁਰਖੀ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਲਿਖੋ।
4. Masculinity (ਮਰਦਾਨਗੀ) ਅਤੇ Femininty (ਨਾਰੀਵਾਦ) ਦਾ ਅਰਥ ਉਦਾਰਹਣ ਸਹਿਤ ਲਿਖੋ।
5. ਮਰਦਾਨਗੀ Masculinity ਅਤੇ ਮਰਦ ਅਧਾਰਿਤ ਭੂਮਿਕਾ/ ਕਾਰਜ ਉੱਤੇ ਨੋਟ ਲਿਖੋ।
6. ਮਰਦ ਅਧਾਰਿਤ ਕਾਰਜ ਦੇ ਨੁਕਸਾਨਦਾਇਕ ਪ੍ਰਭਾਵ ਕੀ ਹਨ ?
7. ਨਾਰੀਵਾਦ ਦੇ ਮੁੱਢਲੇ ਸਿਧਾਂਤਾ ਦੀ ਚਰਚਾ ਕਰੋ ?
8. ਨਾਰੀਵਾਦ ਦੀਆਂ ਕਿਸਮਾਂ ਕਿਹੜੀਆਂ-ਕਿਹੜੀਆਂ ਹਨ ?
9. ਨਾਰੀਵਾਦ ਦੇ ਇਤਿਹਾਸ ਦੀ ਵਿਸਥਾਰ-ਪੂਰਵਕ ਚਰਚਾ ਕਰੋ।
10. ਨਾਰੀਵਾਦ ਦੀਆਂ ਮੁੱਖ ਲਹਿਰਾਂ ਕਿਹੜੀਆਂ-ਕਿਹੜੀਆਂ ਹਨ ?
11. ਲਿੰਗ ਪੱਖਪਾਤ ਕੀ ਹੁੰਦਾ ਹੈ ?
12. ਲਿੰਗ ਪੱਖਪਾਤ ਦੀ ਪਰਿਭਾਸ਼ਾ ਦਿਉ ?
13. ਭਾਰਤ ਵਿੱਚ ਲਿੰਗ ਪੱਖਪਾਤ ਦੀ ਵਿਸਥਾਰ ਪੂਰਵਕ ਚਰਚਾ ਕਰੋ।
14. ਲਿੰਗ ਰੂੜੀਬੱਧਤਾ ਦੀ ਪਰਿਭਾਸ਼ਾ ਦਿਉ ?
15. ਆਮ ਸਮਾਜਿਕ ਲਿੰਗ ਰੂੜੀਬੱਧਤਾ ਦੀ ਵਿਆਖਿਆ ਕਰੋ ?

# ਲਿੰਗ ਅਤੇ ਸਮਾਜ: ਲਿੰਗ ਇਕੁਉਟੀ, ਲਿੰਗ ਸਮਾਨਤਾ ਅਤੇ ਲਿੰਗ ਭੂਮਿਕਾਵਾਂ, ਲਿੰਗੀ ਪੱਖਪਾਤ ਅਤੇ ਲਿੰਗੀ ਰੂੜ੍ਹੀਵਾਦਿਤਾ

**3.1 ਪਾਠ ਦੇ ਉਦੇਸ਼**

**3.2 ਲਿੰਗ ਇਕੁਉਟੀ ਦੀ ਧਾਰਨਾ**

**3.3 ਲਿੰਗੀ ਸਮਾਨਤਾ ਦੀ ਪਰਿਭਾਸ਼ਾ**

**3.4 ਲਿੰਗ ਭੂਮਿਕਾ ਦੀ ਧਾਰਨਾ**

**3.5 ਲਿੰਗੀ ਪੱਖਪਾਤ**

**3.6 ਲਿੰਗੀ ਰੂੜ੍ਹੀਵਾਦਿਤਾ**

**3.7 ਸੁਝਾਏ ਪ੍ਰਸ਼ਨ**

**3.8 ਸੁਝਾਈਆਂ ਪੜ੍ਹਤਾਂ**

## 3.1 ਪਾਠ ਦੇ ਉਦੇਸ਼:-

- ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਜਾਨਣ ਦੇ ਯੋਗ ਹੋਣਗੇ ਤੇ ਭੂਮਿਕਾ ਬਾਰੇ ਜਾਣਕਾਰੀ ਹੋਵੇਗੀ।
- ਲਿੰਗ ਇਕੁਉਟੀ ਅਤੇ ਲਿੰਗ ਸਮਾਨਤਾ ਵਿੱਚਕਾਰ ਅੰਤਰ ਦੀ ਜਾਣਕਾਰੀ ਪ੍ਰਾਪਤ ਹੋਣਾ।
- ਲਿੰਗ ਪੱਖਪਾਤ ਦੇ ਅਰਥ ਦੀ ਵਿਆਖਿਆ ਕਰਨਾ।
- ਲਿੰਗੀ ਰੂੜ੍ਹੀਵਾਦਿਤਾ ਅਤੇ ਉਸਦੇ ਪ੍ਰਕਾਰਾਂ ਬਾਰੇ ਵਿਚਾਰ-ਚਰਚਾ ਕਰਨੀ।

## 3.2 ਲਿੰਗੀ ਇਕਉਟੀ ਦੀ ਧਾਰਨਾ:-

ਲਿੰਗੀ ਇਕਉਟੀ ਔਰਤ ਅਤੇ ਮਰਦ ਵਿਚਕਾਰ ਖੱਪੇ ਨੂੰ ਠੀਕ ਕਰਨ ਦੀ ਪ੍ਰਕਿਰਿਆ ਹੈ। ਕਦੇ-ਕਦੇ ਇਹ ਇਤਿਹਾਸਿਕ ਹਾਨੀਆਂ ਨੂੰ ਵੀ ਪ੍ਰੋਤਸਾਹਿਤ ਕਰਦਾ ਹੈ ਜੋ ਔਰਤਾਂ ਅਤੇ ਮਰਦਾਂ ਨੂੰ ਉਹਨਾਂ ਦੇ ਅਧਿਕਾਰਾਂ ਤੱਕ ਪਹੁੰਚਣ ਤੋਂ ਰੋਕਦਾ ਹੈ। ਇਕਉਟੀ ਤੋਂ ਅੱਗੇ ਸਮਾਨਤਾ ਹੈ। ਲਿੰਗੀ ਇਕਊਟੀ ਤੋਂ ਭਾਵ ਉਹਨਾਂ ਸਿਹਤ ਜਰੂਰਤਾਂ ਤੋਂ ਵੀ ਹੈ ਜੋਕਿ ਹਰੇਕ ਲਿੰਗ ਲਈ ਵਿਸ਼ੇਸ਼ ਹੁੰਦੀਆਂ ਹਨ ਅਤੇ ਨਾਲ ਹੀ ਉਹ ਵਿਸ਼ੇਸ਼ ਸਾਧਨ ਜੋ ਉਹਨਾਂ ਨੂੰ ਪ੍ਰਾਪਤ ਹੋਣੇ ਚਾਹੀਦੇ ਹਨ।

ਲਿੰਗ ਸਮਾਨਤਾ ਦਾ ਮਤਲਬ ਇਹ ਨਹੀਂ ਹੁੰਦਾ ਕਿ ਆਦਮੀ ਅਤੇ ਔਰਤ ਇਕੋ ਜਿਹੇ ਬਣ ਜਾਣਗੇ ਬਲਕਿ ਇਸਦਾ ਭਾਵ ਹੈ ਕਿ ਕੋਈ ਵਿਅਕਤੀ, ਚਾਹੇ ਉਸਨੇ ਆਦਮੀ ਬਣਕੇ ਜਨਮ ਲਿਆ ਹੈ ਜਾਂ ਔਰਤ, ਉਹਨਾਂ ਦੇ ਅਧਿਕਾਰ, ਜ਼ਿੰਮੇਵਾਰੀਆਂ ਅਤੇ ਮੌਕਿਆਂ ਉੱਤੇ ਉਹਨਾਂ ਦੇ ਲਿੰਗ ਦਾ ਕੋਈ ਪ੍ਰਭਾਵ ਨਹੀਂ ਪੈਣਾ ਚਾਹੀਦਾ।

ਲਿੰਗ ਇਕਊਟੀ ਦਾ ਮਤਲਬ ਆਦਮੀ ਅਤੇ ਔਰਤ ਦੋਹਾਂ ਲਈ ਉਹਨਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਬਰਾਬਰ ਦਾ ਵਿਵਹਾਰ ਹੈ। ਇਸ ਵਿੱਚ ਬਰਾਬਰਤਾ ਦਾ ਵਿਵਹਾਰ ਜਾਂ ਵੱਖਰੇਵੇਂ ਦਾ ਵਿਵਹਾਰ ਸ਼ਾਮਿਲ ਹੈ ਪਰੰਤੂ ਇਸਨੂੰ ਅਧਿਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਜ਼ਿਆਦਾ ਦੇਖਿਆ ਜਾਂਦਾ ਹੈ। ਜਦੋਂ ਅਸੀਂ ਮੌਕਿਆਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਹ ਗੱਲ 'ਤੇ ਜ਼ੋਰ ਦਿੰਦੇ ਹਾਂ ਕਿ ਮੌਕੇ ਦੋਵੇਂ ਲਿੰਗਾਂ ਨੂੰ ਬਰਾਬਰ ਮਿਲਣੇ ਚਾਹੀਦੇ ਹਨ। ਅਸੀਂ ਲਿੰਗੀ ਪੱਖਪਾਤ ਨੂੰ ਠੀਕ ਕਰਨ ਦੀ ਗੱਲ ਕਰਦੇ ਹਾਂ ਤਾਂਕਿ ਇਸਦੇ ਸਿੱਟੇ ਸਭ ਲਈ ਚੰਗੇ ਨਿਕਲਣ।

**ੳ) ਸਾਨੂੰ ਇਕਊਟੀ ਦੀ ਕੀ ਲੋੜ ਹੈ?:-** ਕਿਸੇ ਵੀ ਦੇਸ਼ ਵਿੱਚ ਔਰਤਾਂ ਨੂੰ ਬਰਾਬਰੀ ਦਾ ਦਰਜ਼ਾ ਨਹੀਂ ਦਿੱਤਾਂ ਜਾਂਦਾ। ਅਸਲ ਵਿੱਚ ਵਿਸ਼ਵ ਆਰਥਿਕ ਫੋਰਮ ਪ੍ਰੋਜੈਕਟ ਅਨੁਸਾਰ ਸੰਸਾਰ ਪੱਧਰ 'ਤੇ ਲਿੰਗੀ ਸਮਾਨਤਾ ਲਈ 170 ਸਾਲ ਲੱਗਣਗੇ ਅਤੇ ਉੱਤਰੀ ਅਮਰੀਕਾ ਵਿੱਚ 158 ਸਾਲ ਲੱਗਣਗੇ। ਇਸਦਾ ਮਤਲਬ ਇਹ ਹੈ ਕਿ ਸਾਨੂੰ ਲਿੰਗੀ ਸਮਾਨਤਾ ਦੇਖਣ ਲਈ ਪੰਜ ਪੀੜੀਆਂ ਹੋਰ ਲੱਗਣਗੀਆਂ। ਇਹ ਸਿਰਫ ਸਾਡੀ ਬੇਟੀਆਂ ਲਈ ਬੁਰੀ ਖਬਰ ਨਹੀਂ ਹੈ ਬਲਕਿ ਸਾਡੇ ਬੇਟਿਆਂ ਲਈ ਵੀ ਬੁਰੀ ਖਬਰ ਹੈ ਕਿਉਂਕਿ ਲਿੰਗੀ ਸਮਾਨਤਾ ਸਾਰਿਆਂ 'ਤੇ ਆਪਣਾ ਪ੍ਰਭਾਵ ਪਾਉਂਦੀ ਹੈ।

ਲਿੰਗੀ ਸਮਾਨਤਾ ਦੀ ਧਾਰਨਾ ਇਸ ਤੱਥ 'ਤੇ ਨਿਰਭਰ ਕਰਦੀ ਹੈ ਕਿ ਆਦਮੀ ਅਤੇ ਔਰਤ ਦੀਆਂ ਵੱਖ-2 ਜ਼ਰੂਰਤਾਂ ਅਤੇ ਸ਼ਕਤੀਆਂ ਹਨ ਅਤੇ ਇਹਨਾਂ ਵਖਰੇਵਿਆਂ ਨੂੰ ਪਛਾਣਨਾ ਚਾਹੀਦਾ ਹੈ ਅਤੇ ਇਸ ਢੰਗ ਨਾਲ ਵਰਤਣਾ ਚਾਹੀਦਾ ਹੈ ਕਿ ਦੋਵਾਂ ਵਿਚਕਾਰ ਇੱਕ ਬੈਲੇਂਸ ਬਣ ਜਾਵੇ।

ਸਮਾਨਤਾ ਅਤੇ ਇਕਊਟੀ ਭਾਵੇਂ ਇੱਕ ਦੂਜੇ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦ ਹਨ ਪਰੰਤੂ ਇਹਨਾਂ ਵਿੱਚ ਅੰਤਰ ਹੈ। ਕਈ ਵਾਰੀ ਲਿੰਗੀ ਇਕਊਟੀ ਨੂੰ ਇਸ ਤਰ੍ਹਾਂ ਵਰਤਿਆ ਜਾਂਦਾ ਹੈ। ਸਮਾਜ ਵਿੱਚ ਔਰਤ ਦਾ ਰੋਲ ਨਿਰਧਾਰਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਸਮਾਨ ਲਿੰਗੀ ਸਬੰਧਾਂ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਲਿੰਗੀ ਰੂੜੀਵਾਦਿਤਾ ਹੋਰ ਜ਼ਿਆਦਾ ਵੱਧਦੀ ਹੈ। ਇਸਲਈ ਇਸ ਧਾਰਨਾ ਦਾ ਪ੍ਰਯੋਗ ਕਰਦੇ ਸਮੇਂ ਸਾਵਧਾਨੀ ਵਰਤਨੀ ਚਾਹੀਦੀ ਹੈ।

**ਅ) ਲਿੰਗੀ ਇਕਊਟੀ ਦੀ ਪਰਿਭਾਸ਼ਾ:-** ਲਿੰਗੀ ਇਕਊਟੀ ਨੂੰ ਆਦਮੀ ਅਤੇ ਔਰਤ ਲਈ ਉਹਨਾਂ ਦੀ ਜ਼ਰੂਰਤਾਂ ਦੇ ਅਨੁਸਾਰ ਕੀਤਾ ਜਾਣ ਵਾਲਾ ਵਿਵਹਾਰ ਸ਼ਾਮਿਲ ਹੈ ਅਤੇ ਇਹ ਸਮਾਨਤਾ ਅਧਿਕਾਰਾਂ, ਲਾਭਾਂ, ਰੁਕਾਵਟਾਂ ਅਤੇ ਮੌਕਿਆਂ ਸਬੰਧੀ ਹੁੰਦੀ ਹੈ। (ਅੰਤਰਾਸ਼ਟਰੀ ਲੇਬਰ ਦਫਤਰ [ILO] 2000)ਇਹ ਲਿੰਗੀ ਸਮਾਨਤਾ ਦੀ ਧਾਰਨਾ ਤੋਂ ਬਿਲਕੁਲ ਵੱਖ ਹੈ। ਇਹ ਆਦਮੀ ਅਤੇ ਔਰਤ ਵਿਚਕਾਰ ਪ੍ਰਭਾਵਸ਼ਾਲੀ ਸਮਾਨਤਾ ਹੁੰਦੀ ਹੈ ਜੋਕਿ ਇਸ ਧਾਰਨਾ ਨੂੰ ਮੁੱਖ ਰੱਖਦੀ ਹੈ ਕਿ ਸਾਰੇ ਮਨੁੱਖ ਭਾਵੇਂ ਉਹ ਆਦਮੀ ਹੋਵੇ ਜਾਂ ਔਰਤ, ਆਪਣੀਆਂ ਨਿਜੀ ਯੋਗਤਾਵਾਂ ਨੂੰ ਵਿਕਸਿਤ ਕਰਨ ਲਈ ਆਜ਼ਾਦ ਹਨ ਅਤੇ ਰੂੜ੍ਹੀਵਾਦੀ ਵਿਚਾਰਾਂ, ਕਠੋਰ ਲਿੰਗੀ ਰੋਲਾਂ ਦੁਆਰਾ ਬਣਾਈਆਂ ਸੀਮਾਵਾਂ ਛੱਡਕੇ ਆਪਣੀ ਚੋਣ ਕਰਨ ਲਈ ਆਜ਼ਾਦ ਹਨ। ਲਿੰਗੀ ਸਮਾਨਤਾ ਦਾ ਅਰਥ ਹੈ ਕਿ ਆਦਮੀ ਅਤੇ ਔਰਤ ਇਕੋ ਜਿਹੇ ਹਨ ਪਰੰਤੂ ਉਹਨਾਂ ਦੇ ਅਧਿਕਾਰ, ਜ਼ਿੰਮੇਵਾਰੀ ਅਤੇ ਮੌਕੇ ਇਸਤੇ ਨਿਰਭਰ ਨਹੀਂ ਕਰਦੇ ਕਿ ਉਹਨਾਂ ਦਾ ਜਨਮ ਆਦਮੀ ਦੇ ਰੂਪ 'ਚ ਹੋਇਆ ਹੈ ਜਾਂ ਔਰਤ ਦੇ ਰੂਪ 'ਚ। [ILO] 2000)

**ਆਕਸਫੋਰਡ ਡਿਕਸ਼ਨਰੀ** ਦੇ ਅਨੁਸਾਰ ਇਕਉਟੀ ਦਾ ਮਤਲਬ ਦੋ ਲਿੰਗਾਂ ਵਿੱਚ ਬਿਨਾਂ ਕਿਸੇ ਭੇਦਭਾਵ ਤੋਂ ਨਿਰਪੱਖਤਾ ਨਾਲ ਲਾਭਾਂ ਅਤੇ ਜ਼ਿੰਮੇਵਾਰੀਆਂ ਦੀ ਬਰਾਬਰ ਵੰਡ ਕਰਨ ਹੈ।

## ੲ) ਲਿੰਗੀ ਇਕਉਟੀ ਵਿੱਚ ਰੁਕਾਵਟਾਂ:-

ਲਿੰਗੀ ਅਸਮਾਨਤਾਵਾਂ ਪਰਿਵਾਰ, ਸਮਾਜ, ਸੱਭਿਆਚਾਰ, ਧਾਰਮਿਕ ਨਿਯਮਾਂ, ਸਮਾਜਿਕ ਸੰਸਥਾਵਾਂ ਅਤੇ ਜੈਵਿਕ ਵਿਚਾਰਾਂ ਕਰਕੇ ਪੈਦਾ ਹੁੰਦੀਆਂ ਹਨ। ਹੋਰ ਲਿੰਗੀ ਇਕੁਉਟੀ ਦੀਆਂ ਰੁਕਾਵਟਾਂ ਵਿੱਚ ਪਿਤਰਪ੍ਰਧਾਨ ਸਮਾਜ, ਗਰੀਬ, ਅਸਮਾਨ ਅਵਸਰਾਂ ਅਤੇ ਸਿੱਖਿਆ ਦੀ ਵੰਡ ਅਤੇ ਬਹੁਤ ਘੱਟ ਸਮਾਜਿਕ ਲਾਭ ਸ਼ਾਮਿਲ ਹਨ। ਔਰਤਾਂ ਦਾ ਵੱਡੇ ਪੱਧਰ 'ਤੇ ਰੋਜਗਾਰ ਦੇ ਘੱਟ ਅਵਸਰ ਪ੍ਰਾਪਤ ਕਰਨਾ ਵੀ ਲਿੰਗੀ ਸਮਾਨਤਾ ਦੀ ਵੰਡ ਨੂੰ ਭੰਗ ਕਰਦਾ ਹੈ। ਔਰਤਾਂ ਖਿਲਾਫ ਹਿੰਸਾ ਵੀ ਲਿੰਗੀ ਇਕਉਟੀ ਦੇ ਉਦੇਸ਼ ਤੱਕ ਪਹੁੰਚਣ ਦੀਆਂ ਕੋਸ਼ਿਸ਼ਾਂ ਨੂੰ ਖਰਾਬ ਕਰਦੀ ਹੈ।

## ਸ) ਲਿੰਗੀ ਇਕਉਟੀ ਨੂੰ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਅਤੇ ਸਾਧਨ:-

ਲਿੰਗੀ ਇਕਉਟੀ ਲਈ ਬਹੁਤ ਸਾਰੀਆਂ ਗਤੀਵਿਧੀਆਂ ਸੰਸਾਰ ਪੱਧਰ 'ਤੇ ਕੀਤੀਆਂ ਜਾਂਦੀਆ ਹਨ। ਇਹਨਾਂ ਸੰਸਥਾਵਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਸਰਵਿਆਪਕ ਘੋਸ਼ਣਾ,UN.1949, CEDAW (ਔਰਤਾਂ ਖਿਲਾਫ ਹੋਣ ਵਾਲੀਆਂ ਹਰ ਪ੍ਰਕਾਰ ਦੇ ਭੇਦਭਾਵ ਨੂੰ ਖਤਮ ਕਰਨ ਸਬੰਧੀ ਸੰਮੇਲਨ), GAD (ਲਿੰਗ ਅਤੇ ਵਿਕਾਸ ਮਾਡਲ), UN Gender Mainstreaming Policy & Strategy, 2006 ਅਤੇ ਹੋਰ ਸ਼ਾਮਿਲ ਹਨ।

ਸਾਰਿਆਂ ਤੱਕ ਉਪਯੁਕਤ ਭੋਜਨ ਅਤੇ ਜ਼ਰੂਰੀ ਚੀਜ਼ਾਂ ਦੀ ਪੂਰਤੀ ਕਰਕੇ, ਵਿਅਕਤੀ ਦੀ ਨਿਜੀ ਸੁਰੱਖਿਆਂ ਨੂੰ ਵਧਾਕੇ, ਟਿਕਾਊ ਵਿਕਾਸ ਵਿੱਚ ਬੈਲੇਂਸ ਬਣਾਕੇ, ਸਮਾਨ ਆਰਥਿਕ ਅਵਸਰਾਂ ਦੁਆਰਾ ਨਿਰਣਾ ਕਰਨ ਦੀ ਸ਼ਕਤੀ ਨੂੰ ਵਿਕਸਿਤ ਕਰਕੇ, ਜ਼ਿੰਦਗੀ ਜਿਊਣ ਦੇ ਸਾਧਨਾਂ ਤੱਕ ਸਾਰਿਆਂ ਦੀ ਸਮਾਨ ਪਹੁੰਚ ਦੁਆਰਾ, ਲਿੰਗ ਵਿਰੋਧ ਨੀਤੀਆਂ ਨੂੰ ਕਾਬੂ ਕਰਕੇ, ਔਰਤਾਂ ਅਤੇ ਮਰਦਾਂ ਸੰਸਥਾਵਾਂ ਨੂੰ ਬਦਲਦੇ ਜੋ ਲਿੰਗੀ ਅਸਮਾਨਤਾ ਨੂੰ ਪੈਦਾ ਕਰਦੇ ਅਤੇ ਸੁਰੱਖਿਅਤ ਕਰਦੇ ਹਨ, ਕਰਕੇ ਲਿੰਗੀ ਇਕਉਟੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਟਿਕਾਊ ਲਿੰਗੀ ਇਕਉਟੀ ਨੂੰ ਪ੍ਰਾਪਤ ਕਰਨ ਦੇ ਮੁੱਖ ਸਾਧਨ ਇਸ ਪ੍ਰਕਾਰ ਹਨ।

- ਭੌਤਿਕ ਸੁਰੱਖਿਆ
- ਲਿੰਗ ਆਧਰਿਤ ਹਿੰਸਾ ਨੂੰ ਖਤਮ ਕਰਨਾ
- ਕਾਨੂੰਨੀ ਪਛਾਣ ਸਥਾਪਿਤ ਕਰਨਾ
- ਸਾਧਨਾਂ ਤੱਕ ਹਰੇਕ ਦੀ ਪਹੁੰਚ ਸਥਾਪਿਤ ਕਰਨਾ ਅਤੇ ਉਸ ਉੱਪਰ ਕੰਟਰੋਲ ਨੂੰ ਖਤਮ ਕਰਨਾ
- ਪਬਲਿਕ ਤੱਕ ਪਹੁੰਚ ਕਰਨੀ
- ਸੂਚਨਾ ਦੀ ਸੁਵਿਧਾ ਤੱਕ ਪਹੁੰਚ ਕਰਨੀ
- ਸੂਚਨਾ ਤੱਕ ਪਹੁੰਚ ਕਰਨ ਦੀ ਗਾਰੰਟੀ ਕਰਨਾ
- ਨਿਆਂ ਤੱਕ ਪਹੁੰਚ ਕਰਨੀ

– ਸਮਾਜਿਕ ਸ਼ਮੂਲੀਅਤ ਨੂੰ ਮਾਪਣਾ ਅਤੇ ਅਧਿਕਾਰਾਂ ਤੱਕ ਪਹੁੰਚ ਕਰਨੀ

– ਸਮਾਜਿਕ ਏਕਤਾ ਅਤੇ ਵਿਭਿੰਨਤਾ ਦੀ ਕਦਰ ਕਰਨੀ

**''ਜੇਕਰ ਲਿੰਗੀ ਸਮਾਨਤਾ ਅੰਤ ਹੈ ਤਾਂ ਲਿੰਗੀ ਇਕਉਟੀ ਉਸਦਾ ਸਾਧਨ ਹੈ।''**

**3.3. ਸਮਾਜਿਕ ਸਮਾਨਤਾ ਦੀ ਧਾਰਨਾ:–**

ਸਮਾਜਿਕ ਸਮਾਨਤਾ ਨੂੰ ਔਰਤਾਂ ਅਤੇ ਮਰਦਾਂ ਦੀ ਮਾਪਣਯੋਗ ਬਰਾਬਰ ਪ੍ਰਤੀਨਿਧਤਾ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਲਿੰਗੀ ਸਮਾਨਤਾ ਦਾ ਅਰਥ ਇਹ ਨਹੀਂ ਹੈ ਕਿ ਔਰਤ ਅਤੇ ਮਰਦ ਬਰਾਬਰ ਹਨ ਪਰੰਤੂ ਇਸਦਾ ਭਾਵ ਹੈ ਕਿ ਉਹਨਾਂ ਦਾ ਮੁੱਲ ਸਮਾਨ ਹੈ ਅਤੇ ਦੋਵਾਂ ਨੂੰ ਬਰਾਬਰ ਸਤਿਕਾਰ ਅਤੇ ਬਣਦਾ ਵਿਵਹਾਰ ਕੀਤਾ ਜਾਵੇ।

ਸਮਾਜਿਕ ਸਮਾਨਤਾ ਦਾ ਅਰਥ ਹੈ ਕਿ ਆਦਮੀਆਂ ਅਤੇ ਔਰਤਾਂ ਕੋਲ ਬਰਾਬਰ ਮੌਕੇ ਅਤੇ ਅਧਿਕਾਰ ਹਨ। ਸਮਾਜਿਕ ਸਮਾਨਤਾ ਹਰੇਕ ਸੰਦਰਭ ਵਿੱਚ ਇੱਕ ਮਹੱਤਵਪੂਰਨ ਉਦੇਸ਼ ਹੁੰਦਾ ਹੈ ਕਿਉਂਕਿ ਲਿੰਗੀ ਅਸਮਾਨਤਾ, ਅਸਮਾਨ ਵਿਵਹਾਰ ਅਤੇ ਸਾਧਨਾਂ ਤੱਕ ਪਹੁੰਚ, ਅਸਮਾਨ ਮੌਕੇ ਅਤੇ ਅਸਮਾਨ ਇਹ ਅਜ਼ਾਦੀ ਹਰੇਕ ਦੇਸ਼ ਅਤੇ ਸੱਭਿਆਚਾਰ ਵਿੱਚ ਹੁੰਦੀ ਹੈ। ਲਿੰਗੀ ਸਮਾਨਤਾ ਕਿਸੇ ਵਿਅਕਤੀ ਦੇ ਸੈਕਸ ਦੇ ਪ੍ਰਤੀ ਭੇਦਭਾਵ ਦੀ ਗੈਰ-ਜ਼ਰੂਰੀ ਹੈ।

ਲਿੰਗੀ ਸਮਾਨਤਾ ਨੂੰ ਸੈਕਸੁਅਲ ਸਮਾਨਤਾ ਵੀ ਕਿਹਾ ਜਾਂਦਾ ਹੈ। ਇਹ ਆਦਮੀ ਅਤੇ ਔਰਤ ਦੀ ਆਰਥਿਕ ਸ਼ਮੂਲੀਅਤ ਅਤੇ ਨਿਰਣਾ ਕਰਨ ਦੀ ਸ਼ਕਤੀ ਅਤੇ ਹੋਰ ਅਧਿਕਾਰਾਂ ਦੀ ਪ੍ਰਾਪਤੀ ਸ਼ਾਮਿਲ ਹੈ। ਲਿੰਗੀ ਸਮਾਨਤਾ ਦਾ ਭਾਵ ਹੈ ਕਿ ਆਦਮੀ ਅਤੇ ਔਰਤ ਕੋਲ ਵਿਤੀ ਅਜ਼ਾਦੀ, ਸਿੱਖਿਆ ਅਤੇ ਨਿਜੀ ਵਿਕਾਸ ਲਈ ਸਮਾਨ ਸ਼ਕਤੀ ਅਤੇ ਸਮਾਨ ਮੌਕੇ ਹਨ। ਯੂਨੀਸੇਫ਼ (UNICEF) ਦੇ ਅਨੁਸਾਰ ਲਿੰਗੀ ਸਮਾਨਤਾ ਦਾ ਅਰਥ ਹੈ ਕਿ ਆਦਮੀ ਅਤੇ ਔਰਤ, ਮੁੰਡਾ ਅਤੇ ਕੁੜੀ ਇਕੋ ਜਿਹੇ ਅਧਿਕਾਰ, ਸਾਧਨਾਂ, ਮੌਕਿਆਂ ਅਤੇ ਸੁਰੱਖਿਆਵਾਂ ਦਾ ਆਨੰਦ ਮਾਣਦੇ ਹਨ। ਇਹ ਜ਼ਰੂਰੀ ਨਹੀਂ ਹੈ ਕਿ ਕੁੜੀਆਂ ਅਤੇ ਮੁੰਡੇ, ਆਦਮੀ ਅਤੇ ਔਰਤ ਇਕੋ ਜਿਹੇ ਹੋਣ ਜਾਂ ਉਹਨਾਂ ਨਾਲ ਇਕੋ ਜਿਹਾ ਵਿਵਹਾਰ ਕੀਤਾ ਜਾਵੇ।

ਲਿੰਗ-ਸਮਾਨਤਾ ਵਾਲਾ ਸਮਾਜ ਉਹ ਸਮਾਜ ਹੁੰਦਾ ਹੈ ਜਿਥੇ ਆਦਮੀ ਅਤੇ ਔਰਤ ਨੂੰ ਇੱਕ ਸਮਾਨ ਸਮਝਿਆ ਜਾਂਦਾ ਹੈ ਅਤੇ ਉਹਨਾਂ ਕੋਲ ਹਰੇਕ ਤਰ੍ਹਾਂ ਦੀ ਸਮਾਜਿਕ ਗਤੀਵਿਧੀ ਵਿੱਚ ਭਾਵ ਲੈਣ ਦਾ ਅਵਸਰ ਹੁੰਦਾ ਹੈ ਅਤੇ ਉਹ ਸਮਾਨ ਤੌਰ 'ਤੇ ਰਾਜਨੀਤਿਕ,ਆਰਥਿਕ ਅਤੇ ਸੱਭਿਆਚਾਰਕ ਲਾਭਾਂ ਦਾ ਆਨੰਦ ਮਾਣਦੇ ਹਨ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਵੰਡਦੇ ਹਨ। ਲਿੰਗੀ ਸਮਾਨਤਾ ਵਾਲਾ ਸਮਾਜ ਆਦਮੀ ਅਤੇ ਔਰਤ ਨੂੰ ਇੱਕ ਬਰਾਬਰ ਸਾਥੀ ਦੀ ਤਰ੍ਹਾਂ ਬਣਾਇਆ ਜਾਣ ਵਾਲਾ ਸਮਾਜ ਹੁੰਦਾ ਹੈ।

ਲਿੰਗੀ ਸਮਾਨਤਾ ਦਾ ਇੱਕ ਦ੍ਰਿਸ਼ਟੀਕੋਣ ਇਹ ਹੈ ਕਿ ਹਰੇਕ ਨਾਲ ਬਰਾਬਰ ਦਾ ਵਿਵਹਾਰ ਕੀਤਾ ਜਾਵੇ ਅਤੇ ਲਿੰਗ ਦੇ ਆਧਾਰ ਤੇ ਉਹਨਾਂ ਨਾਲ ਕੋਈ ਭੇਦਭਾਵ ਨਾ ਕੀਤਾ ਜਾਵੇ। ਲਿੰਗੀ ਸਮਾਨਤਾ ਉਸ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਆਦਮੀ ਅਤੇ ਔਰਤ ਇੱਕ ਜਿਹ ਹੱਕਾਂ ਅਤੇ ਮੌਕਿਆਂ ਦਾ ਆਨੰਦ ਲੈਣ। ਇਸ ਵਿੱਚ ਉਹਨਾਂ ਦੀ ਆਰਥਿਕ ਭਾਗੀਦਾਰੀ ਅਤੇ ਨਿਰਣਾ ਕਰਨ ਦੀ ਸ਼ਕਤੀ ਸ਼ਾਮਿਲ ਹੈ।

## ੳ) ਲਿੰਗੀ ਸਮਾਨਤਾ ਨੂੰ ਲਿਆਉਣ ਵਿੱਚ ਸਕੂਲਾਂ ਦੀ ਭੂਮਿਕਾਂ:-

ਸਮਾਜ ਦੀ ਲਿੰਗੀ ਅਸਮਾਨਤਾ ਸਕੂਲ ਦੇ ਵਾਤਾਵਰਨ ਵਿੱਚ ਹੀ ਮੌਜੂਦ ਹੁੰਦੀ ਹੈ। ਇਸਦਾ ਪ੍ਰਮਾਣ ਸਕੂਲ ਦੀ ਪ੍ਰਕਿਆਵਾਂ ਜਿਵੇ ਕਿ ਅਧਿਆਪਨ, ਅਧਿਆਪਕ ਵਿਦਿਆਰਥੀ ਦੀ ਆਪਸੀ ਗੱਲਬਾਤ, ਸਕੂਲ ਪ੍ਰਬੰਧਨ ਅਤੇ ਸਕੂਲ ਦੇ ਭੌਤਿਕ ਸਹੂਲਤਾਂ ਦਾ ਡਿਜ਼ਾਈਨ ਅਤੇ ਯੋਜਨਾਵਾਂ ਤੋਂ ਮਿਲਦਾ ਹੈ। ਅਧਿਆਪਨ ਅਤੇ ਸਿੱਖਣ ਸਾਮੱਗਰੀ ਵਿੱਚ ਲਿੰਗੀ ਰੂੜੀਵਾਦਿਤਾ ਸ਼ਾਮਿਲ ਹੁੰਦੀ ਹੈ। ਜ਼ਿਆਦਾਤਰ ਅਧਿਆਪਕ ਦੋਵੇਂ ਲਿੰਗਾਂ, ਮੁੰਡੇ ਅਤੇ ਕੁੜੀਆਂ, ਦੀਆਂ ਖਾਸ ਜਰੂਰਤਾਂ ਪ੍ਰਤੀ ਜਾਗਰੂਕ ਨਹੀਂ ਹੁੰਦੇ। ਸਕੂਲ ਪ੍ਰਬੰਧਨ ਪ੍ਰਣਾਲੀ ਵਿੱਚ ਵੀ ਦੋਵੇਂ ਲਿੰਗਾਂ ਲਈ ਕੋਈ ਖਾਸ ਸਹੂਲਤਾਂ ਨਹੀਂ ਹੁੰਦੀਆਂ। ਇਥੋਂ ਤੱਕ ਕਿ ਕਈ ਸਕੂਲਾਂ ਵਿੱਚ ਤਾਂ ਮੁੰਡੇ ਅਤੇ ਕੁੜੀਆਂ ਲਈ ਵੱਖਰੇ ਪਖਾਨਿਆਂ ਦਾ ਵੀ ਪ੍ਰਬੰਧ ਨਹੀਂ ਹੁੰਦਾ। ਇਸਦੇ ਸਿੱਟੇ ਵੱਜੋ, ਸਕੂਲ ਇੱਕ ਪ੍ਰਭਾਵਸ਼ਾਲੀ ਅਧਿਆਪਨ-ਸਿੱਖਣ ਲਈ ਲਿੰਗ ਆਧਾਰਿਤ ਵਾਤਾਵਰਨ ਤਿਆਰ ਨਹੀਂ ਕਰ ਪਾਉਂਦਾ। ਅਜਿਹੇ ਵਿੱਚ ਸਕੂਲਾਂ ਲਈ ਸੰਪੂਰਨ ਪਹੁੰਚ ਦੀ ਲੋੜ ਹੈ। ਇਸ ਸੰਪੂਰਨ ਪਹੁੰਚ ਵਿੱਚ ਹੇਠ ਲਿਖੇ ਕਾਰਕ ਸ਼ਾਮਿਲ ਹਨ:-

- ਮਾਪਿਆਂ, ਸਮੁਦਾਇਕ ਲੀਡਰਾਂ ਅਤੇ ਮੈਂਬਰਾਂ ਵਿੱਚ ਲਿੰਗੀ ਸੰਵੇਦਨਾ ਪੈਦਾ ਕਰਨਾ। ਅਧਿਆਪਕਾਂ ਕੁੜੀਆਂ ਅਤੇ ਮੁੰਡਿਆਂ ਨੂੰ ਕੁੜੀਆਂ ਦੀ ਸਿੱਖਿਆਂ ਪ੍ਰਤੀ ਆਵਾਜ਼ ਚੁੱਕਣ ਲਈ ਪ੍ਰੇਰਿਤ ਕਰਨ।
- ਅਧਿਆਪਕਾਂ ਦੀ ਸਿਖਲਾਈ ਇਸ ਪ੍ਰਕਾਰ ਹੋਵੇ ਕਿ ਉਹ ਮੁੰਡਿਆਂ ਅਤੇ ਕੁੜੀਆਂ ਦੀਆਂ ਜ਼ਰੂਰਤਾਂ ਵੱਲ ਧਿਆਨ ਦੇ ਸਕਣ।
- ਕੁੜੀਆਂ ਨੂੰ ਆਤਮ-ਵਿਸ਼ਵਾਸ, ਬੋਲਣ, ਆਪਣੇ ਨਿਰਣੇ ਲੈਣ ਦੀ ਕੁਸ਼ਲਤਾ ਨਾਲ ਸਮੱਰਥ ਕਰਨਾ ਅਤੇ ਆਪਣੀ ਸਿੱਖਿਆ ਵਿੱਚਲੇ ਲਿੰਗੀ ਆਧਾਰਿਤ ਮਤਭੇਦਾਂ ਵਿੱਚੋਂ ਨਿਕਲਣ ਦੇ ਯੋਗ ਬਣਾਉਣਾ।
- ਮੰਡਿਆਂ ਨੂੰ ਲਿੰਗ ਦਬਾਊ ਪ੍ਰਵਿਰਤੀਆਂ ਤੋਂ ਦੂਰ ਕਰਨਾ ਅਤੇ ਉਹਨਾਂ ਵਿੱਚ ਲਿੰਗ ਸਮਾਨਤਾ ਨੂੰ ਸਵੀਕਾਰ ਕਰਨ ਲਈ ਧਨਾਤਮਕਤਾ ਪੈਦਾ ਕਰਨਾ।
- ਸਕੂਲ ਸਮੁਦਾਇ ਨੂੰ ਮੁੰਡਿਆਂ ਤੇ ਕੁੜੀਆਂ ਦੋਨਾਂ ਦੀ ਸੈਕਸੁਅਲ ਪ੍ਰੋੜਤਾ ਦੇ ਮੁੱਦਿਆਂ ਦਾ ਪ੍ਰਬੰਧ ਕਰਨ ਲਈ ਸਿੱਖਅਤ ਕਰਨਾ।
- ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਗਵਾਈ ਅਤੇ ਮਾਰਗਦਰਸ਼ਨ ਦੇ ਕੋਸ਼ਲਾਂ ਦਾ ਗਿਆਨ ਦੇਣਾ।
- ਮੁੰਡਿਆਂ ਅਤੇ ਕੁੜੀਆਂ ਦੇ ਸਮਾਜਿਕ ਅਤੇ ਮਨੋਵਿਗਿਆਨਿਕ ਵਿਕਾਸ ਲਈ ਅਗਵਾਈ ਅਤੇ ਮਾਰਗਦਰਸ਼ਨ ਦੀਆਂ ਡੈਸਕਾਂ ਸਥਾਪਿਤ ਕਰਨੀਆਂ।

ਸਕੂਲਾਂ ਵਿੱਚ ਲਿੰਗੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਹੇਠਾਂ ਲਿਖੇ ਕੁੱਝ ਵਿਚਾਰਾਂ 'ਤੇ ਧਿਆਨ ਦਿੱਤਾ ਦਾ ਸਕਦਾ ਹੈ।

- ਉਸ ਬੱਚੇ ਨੂੰ ਇਨਾਮ ਦਿੱਤਾ ਜਾਵੇ ਜੋ ਇਕਉਟੀ ਨੂੰ ਉਤਸ਼ਾਹਿਤ ਕਰਨ।
- ਸਕੂਲ ਵਿੱਚ ਇਕਉਟੀ ਸਬੰਧੀ ਨਾਟਕ ਖੇਡਿਆ ਜਾਵੇ।
- ਪੇਪਰ ਵਿੱਚ ਇਕਉਟੀ ਸਬੰਧੀ ਕੋਈ ਕਾਲਮ ਜਾਂ ਆਰਟੀਕਲ ਲਿਖਿਆ ਜਾਵੇ।
- ਇਕਉਟੀ ਸਬੰਧੀ ਕੋਈ ਦੋੜ, ਜਾਂ ਕਿਸੇ ਅੱਥਲੈਟੀਕ ਖੇਡ ਦਾ ਪ੍ਰਬੰਧ ਕੀਤਾ ਜਾਵੇ।
- ਉਹਨਾਂ ਲੋਕਾਂ ਨੂੰ ਸਨਮਾਨਿਤ ਕੀਤਾ ਜਾਵੇ ਜੋ ਲਿੰਗ ਇਕਉਟੀ ਨੂੰ ਆਪਣੀ ਜ਼ਿੰਦਗੀ ਅਤੇ ਕੰਮ ਵਿੱਚ ਵਧਾਵਾ ਦਿੰਦੇ ਹਨ।
- ਲਿੰਗੀ ਇਕਉਟੀ ਨੂੰ ਵਿਕਸਿਤ ਕਰਨ ਵਾਲੇ ਪੋਸਟਰ ਤਿਆਰ ਕਰਨੇ।
- ਬਰਾਬਰੀ ਵਾਲੇ ਕੰਮ ਦੇ ਸਥਾਨ ਦਾ ਨਿਰਮਾਣ ਕਰਨਾ।

- ਇਕਉਟੀ ਸਬੰਧੀ ਕਿਸੇ ਸਕੂਲ ਜਾਂ ਜ਼ਿਲ੍ਹੇ ਦੀ ਜਾਂਚ ਕਰਨੀ।
- ਲਿੰਗੀ ਇਕਉਟੀ ਵਜ਼ੀਫਾ ਪ੍ਰਦਾਨ ਕਰਨਾ।
- ਕਾਨਫਰੰਸਾਂ ਵਿੱਚ ਇਕਉਟੀ ਪ੍ਰਦਾਨ ਕਰਨਾ।
- ਜਮਾਤ ਵਿੱਚ ਗੱਲਾਂ-ਬਾਤਾਂ ਕਰਦੇ ਹੋਏ ਪੱਖਪਾਤ ਪੂਰਨ ਗੱਲਾਂ ਨੂੰ ਜਾਨਣਾ।
- ਕਿਸੇ ਵੀ ਖਿਡੋਣਾ ਸਟੋਰ, ਕੰਪਿਊਟਰ ਸਟੋਰ ਅਤੇ ਕਿਰਾਨੇ ਦੀ ਦੁਕਾਨ 'ਤੇ ਇਕਉਟੀ ਬੂਥ ਸਥਾਪਿਤ ਕਰਨ।

## ਅ) ਲਿੰਗੀ ਸਮਾਨਤਾ ਲਿਆਉਣ ਲਈ ਸਾਥੀਆਂ ਦੀ ਭੂਮਿਕਾ:-

ਅਧਿਆਪਕਾਂ ਦੀ ਤਰ੍ਹਾਂ ਹੀ ਸਾਥੀ ਵੀ ਵੱਖ-ਵੱਖ ਸਾਧਨਾਂ ਰਾਹੀਂ ਲਿੰਗੀ ਵਖਰੇਵਿਆਂ ਦੇ ਸਮਾਜੀਕਰਨ ਵਿੱਚ ਆਪਣੀ ਭੂਮਿਕਾ ਅਦਾ ਕਰਦੇ ਹਨ। ਸਕੂਲ ਵਿੱਚ ਦਾਖਲ ਹੁੰਦੇ ਸਮੇਂ, ਬੱਚੇ ਆਪਣੇ ਬਹੁਤ ਸਾਰੇ ਸਾਥੀਆਂ ਨੂੰ ਮਿਲਦੇ ਹਨ ਜਿਨ੍ਹਾਂ ਵਿੱਚੋਂ ਕਈ ਲਿੰਗੀ ਰੂੜੀਵਾਦਿਤਾ ਨੂੰ ਪੈਦਾ ਕਰਦੇ ਅਤੇ ਵਧਾਉਂਦੇ ਹਨ। ਇਸਤੋਂ ਇਲਾਵਾ ਸਕੂਲ ਲਿੰਗੀ ਵਖਰੇਵਿਆਂ ਨਾਲ ਭਰਿਆ ਹੁੰਦਾ ਹੈ। ਜਦੋਂ ਬਹੁਤ ਸਾਰੇ ਸਾਥੀ ਉਪਲਬਧ ਹੁੰਦੇ ਹਨ ਤਾਂ ਬੱਚੇ ਇੱਕੋ ਜਿਹੇ ਲਿੰਗ ਵਾਲੇ ਬੱਚਿਆਂ ਨੂੰ ਆਪਣਾ ਸਾਥੀ ਬਣਾਉਂਦੇ ਹਨ। ਬੱਚਿਆਂ ਦਾ ਇਹ ਲਿੰਗੀ ਵਖਰੇਵਾਂ ਉਹਨਾਂ ਦੇ ਖੇਡ ਤਜ਼ਰਬਿਆਂ 'ਤੇ ਪ੍ਰਭਾਵ ਪਾਉਂਦਾ ਹੈ ਅਤੇ ਉਹ ਆਪਣਾ ਜ਼ਿਆਦਾ ਸਮਾਂ ਰੁੜ੍ਹੀਵਾਦੀ ਖੇਡਾਂ ਵੱਲ ਲਗਾਉਂਦੇ ਹਨ। ਅੱਗੇ ਜਾਕੇ, ਲਿੰਗ ਵਖਰੇਵਾਂ ਲਿੰਗੀ ਰੂੜ੍ਹੀਵਾਦਿਤਾ ਦਾ ਰੂਪ ਧਾਰ ਲੈਂਦਾ ਹੈ। ਸਾਥੀ ਆਪਣੇ ਜਮਾਤੀਆਂ ਨੂੰ ਰੂੜ੍ਹੀਵਾਦਿਤਾ ਪੜ੍ਹਾਕੇ ਅਤੇ ਉਹਨਾਂ ਨੂੰ ਰੂੜ੍ਹੀਵਾਦੀ ਨਾ ਹੋਣ 'ਤੇ ਸ਼ਬਦੀ ਸ਼ੋਸ਼ਣ ਕਰਕੇ ਅਤੇ ਸਜਾ ਦੇਕੇ ਲਿੰਗ ਦੇ ਵਖਰੇਵੇਂ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਸਾਥੀਆਂ ਦਾ ਸਮੂਹ ਪ੍ਰੀ-ਸਕੂਲ ਵਿੱਚ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੰਦਾ ਹੈ ਅਤੇ ਸਮਾਜਿਕ ਸੰਸਾਰ ਦੇ ਵਾਧੇ ਤੱਕ ਇਹ ਪ੍ਰਭਾਵ ਵੱਧਦਾ ਜਾਂਦਾ ਹੈ। ਇਹ ਪ੍ਰਭਾਵ ਕੁੱਝ ਗਤੀਵਿਧੀਆਂ ਜਿਵੇਂ ਖੇਡ, ਅਕਾਦਮਿਕ ਸਫਲਤਾਂ, ਪ੍ਰਸਿੱਧੀ ਆਦਿ ਨੂੰ ਪ੍ਰੇਰਿਤ ਕਰਦਾ ਹੈ ਅਤੇ ਪੂਰੀ ਜ਼ਿੰਦਗੀ ਜਾਰੀ ਰਹਿੰਦਾ ਹੈ।

## ੲ) ਲਿੰਗੀ ਸਮਾਨਤਾ ਲਿਆਉਣ ਲਈ ਅਧਿਆਪਕਾਂ ਦੀ ਭੂਮਿਕਾ:-

ਅਧਿਆਪਕ ਜਮਾਤ 'ਚ ਇੱਕ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਉਹ ਅਦਾਕਾਰ ਹੁੰਦੇ ਹਨ ਜੋ ਆਪਣੇ ਵਿਦਿਆਥੀਆਂ ਦੀ ਸਫਲਤਾ ਜਾਂ ਅਸਫਲਤਾ ਨਿਰਧਾਰਿਤ ਕਰਦੇ ਹਨ। ਉਹਨਾਂ ਦੁਆਰਾ ਵਿਦਿਆਰਥੀਆਂ ਨਾਲ ਗੱਲਬਾਤ ਅਤੇ ਉਹ ਸਥਾਨ, ਜਿਸ ਰਾਹੀਂ ਉਹ ਬੱਚਿਆਂ ਨੂੰ ਡਿਊਟੀ ਅਤੇ ਘਰ ਦਾ ਕੰਮ ਪ੍ਰਦਾਨ ਕਰਦੇ ਹਨ, ਬੱਚੇ ਦੀ ਸਕੂਲਿੰਗ ਵਿੱਚ ਬਹੁਤ ਮਹੱਤਵਪੂਰਨ ਕਾਰਕ ਹੈ। ਲਿੰਗੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਅਧਿਆਪਕ ਕੁਝ ਹੇਠ ਲਿਖੇ ਕੰਮ ਕਰ ਸਕਦਾ ਹੈ:-

- ਅਧਿਆਪਕਾਂ ਅਤੇ ਅਧਿਆਪਕ ਸਿੱਖਿਅਕਾਂ ਨੂੰ ਆਪਣੇ ਸਿਲੇਬਸ ਦਾ ਨਿਰੀਖਣ ਕਰਨਾ ਚਾਹੀਦਾ ਹੈ। ਉਸ ਵਿੱਚ ਲਿੰਗ ਸਬੰਧੀ ਵਿਸ਼ਿਆਂ ਨੂੰ ਸ਼ਾਮਿਲ ਕਰ ਸਕਦਾ ਹੈ ਅਤੇ ਸ਼ਾਮਿਲ ਵਿਸ਼ਿਆਂ ਵਿੱਚ ਲਿੰਗ ਸਬੰਧੀ ਮੁੱਦਿਆਂ ਨੂੰ ਹੋਰ ਜ਼ਿਆਦਾ ਖੋਲਕੇ ਰੱਖ ਸਕਦਾ ਹੈ।
- ਅਧਿਆਪਕਾਂ ਸਿੱਖਿਅਕਾਂ ਨੂੰ ਆਪ ਵੀ ਲਿੰਗ ਜਾਗਰੂਕਤਾ ਅਤੇ ਸੰਵੇਦਨਸ਼ੀਲ ਪ੍ਰੋਗਰਾਮਾਂ ਦੁਆਰਾ ਆਪਣੇ ਆਪ ਨੂੰ ਵੀ ਲਿੰਗ ਪ੍ਰਤੀ ਸੰਵੇਦੀ ਬਣਾਉਣਾ ਚਾਹੀਦਾ ਹੈ।
- ਅਧਿਆਪਕ ਸਿੱਖਿਅਕਾਂ ਅਤੇ ਅਧਿਆਪਕਾਂ ਨੂੰ ਆਪਣੀ ਜਮਾਤ ਦਾ ਪ੍ਰਬੰਧ ਲਿੰਗੀ ਪੈਟਰਨ ਦੇ ਅਨੁਸਾਰ ਰੱਖਣਾ ਚਾਹੀਦਾ ਹੈ।
- ਅਧਿਆਪਕਾਂ ਅਤੇ ਅਧਿਆਪਕ ਸਿੱਖਿਆਂ ਨੂੰ ਲਿੰਗ ਆਧਾਰਿਤ ਅਧਿਆਪਨ ਪਹੁੰਚਾਂ ਨੂੰ ਅਪਣਾਉਣਾ ਚਾਹੀਦਾ ਹੈ।

- ਸਾਰੇ ਸਿੱਖਿਅਕ ਖੇਤਰਾਂ ਵਿੱਚ ਸਮਰੱਥਾ ਨਿਰਮਾਣ ਕੇਂਦਰਾਂ ਦੀ ਸਥਾਪਨਾ ਹੋਣੀ ਚਾਹੀਦੀ ਹੈ ਜੋਕਿ ਅਧਿਆਪਕਾਂ ਅਤੇ ਅਧਿਆਪਕ ਸਿੱਖਿਅਕਾਂ ਨੂੰ ਲਿੰਗ-ਆਧਾਰਿਤ ਸਿੱਖਿਆਂ ਪ੍ਰਦਾਨ ਕਰੇ।

**ਅਧਿਆਪਕਾਂ ਅਤੇ ਅਧਿਆਪਕ ਸਿੱਖਿਅਕਾਂ ਨੂੰ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ:-**

1. ਵਰਕਸ਼ਾਪਾਂ ਲਗਾਉਣੀਆਂ 2. ਲਿੰਗੀ ਜਮਾਤ ਸੰਗਠਨ ਅਤੇ ਆਪਸੀ ਪ੍ਰਭਾਵ ਨਾਲ ਜਾਣ-ਪਛਾਣ 3. ਲਿੰਗ 'ਤੇ ਸ਼ੁਰੂਆਤੀ ਪਾਠ 4. ਮੌਜੂਦ ਪਾਠਕ੍ਰਮ ਦੇ ਵਿਸ਼ਿਆਂ ਵਿੱਚ ਲਿੰਗੀ ਮੁੱਦਿਆਂ 'ਤੇ ਫੋਕਸ ਕਰਨਾ 5. ਲਿੰਗ ਮੁੱਦਿਆਂ ਦੀ ਕਿੱਤਾ ਅਗਵਾਈ ਨਾਲ ਜਾਣ-ਪਛਾਣ 6. ਸਿੱਖਿਆਂ ਸਬੰਧੀ ਸਮੱਗਰੀ ਵਿੱਚ ਲਿੰਗ ਦੇ ਮੁੱਦਿਆਂ ਦਾ ਵਿਸ਼ਲੇਸ਼ਣ ਕਰਨਾ ਅਤੇ 7. ਲਿੰਗੀ ਮੁੱਦਿਆਂ ਉੱਤੇ ਖੋਜ ਪ੍ਰੋਜੈਕਟਾਂ ਦਾ ਆਯੋਜਨ ਕਰਨਾ।

**ਲਿੰਗੀ ਸਮਾਨਤਾ ਲਈ ਪਾਠਕ੍ਰਮ ਅਤੇ ਕਿਤਾਬਾਂ ਦੀ ਭੂਮਿਕਾ:-**

ਸਕੂਲਾਂ ਅਤੇ ਕਾਲਜਾਂ ਵਿੱਚ ਪਾਠਕ੍ਰਮ ਭਰਿਆ ਹੁੰਦਾ ਹੈ ਜਿਸਦਾ ਭਾਵ ਇਹ ਹੈ ਕਿ ਵਿਸ਼ਿਆਂ ਦੇ ਪਾਠਕ੍ਰਮ ਵਿੱਚ ਲਿੰਗ ਇਕਉਟੀ ਦੇ ਪ੍ਰੋਗਰਾਮ ਨੂੰ ਸ਼ਾਮਿਲ ਕਰਨਾ ਸੌਖਾ ਨਹੀਂ ਹੈ। ਇਸ ਤੋਂ ਇਲਾਵਾ, ਪਾਠਕ੍ਰਮ ਰਾਜ ਦੇ ਮਾਹਿਰ ਵਿਅਕਤੀ ਦੁਆਰਾ ਬਣਾਇਆ ਜਾਂਦਾ ਹੈ। ਇਸ ਲਈ ਸਰਕਾਰੀ ਕੰਟਰੋਲ ਨੂੰ ਚੈਲੇਂਜ ਕਰਨਾ ਵੀ ਬਹੁਤ ਔਖਾ ਕੰਮ ਹੈ। ਪਰੰਤੂ ਜਿੱਥੇ ਵਿਭਿੰਨਤਾ ਨੂੰ ਪਛਾਣਿਆ ਜਾਂਦਾ ਹੈ ਅਤੇ ਲੋਕਾਂ ਦੀ ਭਾਗੀਦਾਰੀ ਹੁੰਦੀ ਹੈ, ਵੱਖ-2 ਪਿਛੋਕੜ ਤੋਂ ਕੁੜੀਆਂ ਅਤੇ ਔਰਤਾਂ ਪਾਠਕ੍ਰਮ ਦੇ ਨਿਰਣਿਆਂ ਦੀ ਵਿਚਾਰ -ਚਰਚਾ ਵਿੱਚ ਭਾਗ ਲੈਂਦੀਆਂ ਹਨ ਅਤੇ ਉਹਨਾਂ ਨੂੰ ਵੱਖ-ਵੱਖ ਸਮੂਹਾਂ ਦੇ ਤੌਰ ਤੇ ਮੰਨਿਆ ਜਾਂਦਾ ਹੈ,ਉੱਥੇ ਲਿੰਗੀ ਇਕਉਟੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਪਾਠਕ੍ਰਮ ਨੂੰ ਲਿੰਗੀ -ਸਮਾਨਤਾ ਤਹਿਤ ਪ੍ਰਯੋਗ 'ਚ ਲਿਆਉਣ ਲਈ ਹੇਠ ਲਿਖੇ ਖੇਤਰਾਂ ਵੱਲ ਧਿਆਨ ਦੇਣ ਦੀ ਲੋੜ ਹੈ।

- **ਪਾਠਕ੍ਰਮ ਸਮੱਗਰੀ:-** ਇਸ ਗੱਲ ਤੇ ਵਿਚਾਰ ਕਰਨ ਦੀ ਲੋੜ ਹੈ ਕਿ ਗਰੀਬ ਅਤੇ ਹਾਸ਼ੀਏ ਵਾਲੇ ਵਾਤਾਵਰਨ ਦੀਆਂ ਕੁੜੀਆਂ ਨੂੰ ਉਹਨਾਂ ਦੇ ਸਕੂਲਾਂ ਵੱਲੋਂ ਕੀ -2 ਪ੍ਰਦਾਨ ਕੀਤਾ ਜਾਂਦਾ ਹੈ। ਉਦਾਹਰਨ ਲਈ ਸਾਖਰ ਸਿੱਖਣਾ ਉਹਨਾਂ ਵਿੱਚ ਆਤਮ -ਵਿਸ਼ਵਾਸ ਨੂੰ ਵਧਾਉਣ ਦਾ ਇੱਕ ਸਾਧਨ ਹੈ ਤਾਂਕਿ ਉਹ ਆਪਣੀ ਜ਼ਿੰਦਗੀ ਵਿੱਚ ਸੁਧਾਰ ਨੂੰ ਸ਼ੁਰੂ ਕਰ ਸਕਣ।
- **ਸਿੱਖਣ ਦੇ ਤਰੀਕੇ :-** ਅਕਸਰ, ਪਾਠ- ਪੁਸਤਕਾਂ ਵਿਚਲੇ ਚਿੱਤਰਾਂ ਨੂੰ ਉਹਨਾਂ ਦੇ ਲਿੰਗ ਚਿੱਤਰਾਂ ਦੇ ਚਿੱਤਰਣ ਲਈ ਚੈੱਕ -ਸੂਚੀਬੱਧ ਕੀਤਾ ਜਾਂਦਾ ਹੈ। ਬੱਚਿਆਂ ਲਈ ਜ਼ਰੂਰੀ ਨਹੀਂ ਕਿ ਪਾਠ-ਪੁਸਤਕਾਂ ਵਿਚਲੇ ਚਿੱਤਰਾਂ ਪ੍ਰਤੀ ਸਰਲ, ਪੂਰਣ ਸੁਰਤ ਵਾਲੀਆਂ ਪ੍ਰਤੀਕ੍ਰਿਆਵਾਂ ਹੋਣ। ਬੱਚਿਆਂ ਨੂੰ ਲਿੰਗ ਪਾਠ -ਪੁਸਤਕਾਂ ਬਾਰੇ ਸਿੱਖਣ ਦੇ ਤਰੀਕੇ ਦੀ ਵਧੇਰੇ ਸੂਝਵਾਨ ਸਮਝ ਅਤੇ ਪ੍ਰਤੀਕ੍ਰਿਆ ਦੀ ਜ਼ਰੂਰਤ ਹੈ।
- **ਸਿੱਖਿਆ ਅਤੇ ਸਾਖਰਤਾ ਦੀ ਭਾਸ਼ਾ :-** ਬੱਚੇ, ਜੋ ਭੂਗੋਲਿਕ ਅਤੇ ਸੱਭਿਆਚਾਰਿਕ ਤੌਰ 'ਤੇ ਹਾਸ਼ੀਏ 'ਤੇ ਹੁੰਦੇ ਹਨ, ਉਹਨਾਂ ਨੂੰ ਉਸ ਭਾਸ਼ਾ ਵਿੱਚ ਸਿੱਖਿਆ ਦਿੱਤੀ ਜਾਂਦੀ ਹੈ, ਜਿਸ ਭਾਸ਼ਾ ਨੂੰ ਉਹ ਨਹੀਂ ਜਾਣਦਾ। ਕੁੜੀਆਂ ਅਤੇ ਔਰਤਾਂ ਨੂੰ ਜਿਆਦਾਤਰ ਰਾਸ਼ਟਰੀ ਸਨਮਾਸਿਤ ਭਾਸ਼ਾ ਦਾ ਗਿਆਨ ਮਰਦਾਂ ਦੇ ਮੁਕਾਬਲੇ ਵਿੱਚ ਘੱਟ ਹੁੰਦਾ ਹੈ।
- **ਮੁਲਾਂਕਣ ਦਾ ਢੰਗ :-** ਪ੍ਰੀਖਿਆਵਾਂ ਮੁਲਾਂਕਣ ਲਈ ਹੁੰਦੀਆਂ ਹਨ ਪਰੰਤੂ ਇਸ ਕੰਮ ਲਈ ਦੂਜੇ ਤਰੀਕੇ ਵੀ ਵਰਤੇ ਜਾ ਸਕਦੇ ਹਨ ਜਿਵੇਂ ਕਿ ਸਤਤ ਮੁਲਾਂਕਣ। ਇਸ ਤੋਂ ਇਲਾਵਾ ਕੁੜੀਆਂ ਨੂੰ ਸਕੂਲ ਵਿੱਚ ਹੋਰ ਨਵੇਂ-2 ਮੌਕੇ ਵੀ ਦਿੱਤੇ ਜਾ ਸਕਦੇ ਹਨ। ਜੇਕਰ ਉਹ ਅਧਿਆਪਕ ਨਾਲ ਗੱਲ ਕਰੇ ਅਤੇ ਉਹ ਉਹਨਾਂ ਨੂੰ ਪ੍ਰੇਰਿਤ ਕਰੇ, ਜਿਵੇਂ ਕਿ ਵੱਖ-2 ਜਮਾਤੀ ਗਤੀਵਿਧੀਆਂ ਵਿੱਚ ਉਹਨਾਂ ਦੀ ਭਾਗੀਦਾਰੀ ਕਰਵਾਕੇ ਉਹਨਾਂ ਨੂੰ ਇਨਾਮ ਦਿੱਤੇ ਜਾਣ। ਸਕੂਲ ਵਿੱਚ ਅਧਿਆਪਨ ਲਈ ਅਤੇ ਸਿਲੇਬਸ ਨੂੰ ਲਿੰਗੀ ਸਮਾਨਤਾ ਸਹਿਤ ਕਰਨ ਲਈ ਇਹ ਜਰੂਰੀ ਹੇ ਕਿ ਅਧਿਆਪਕਾਂ ਨੂੰ ਵੱਖ-2 ਕੋਰਸਾਂ ਅਤੇ ਪ੍ਰਦਾਨ ਕੀਤੀ ਪ੍ਰੈਕਟੀਕਲ ਸਮੱਗਰੀ

ਦੁਆਰਾ ਲਿੰਗ ਸਮਾਨਤਾ ਦੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਇਸ ਸੰਬੰਧੀ ਸਰਕਾਰਾਂ ਅਤੇ ਹੋਰ ਹਿੱਸੇਦਾਰਾਂ ਨੂੰ ਚਾਹੀਦਾ ਹੈ:

- ਇਹ ਪੱਕਾ ਕਰਨਾ ਕਿ ਪਾਠਕ੍ਰਮ ਵਿਕਾਸ ਵਿੱਚ ਲਿੰਗੀ ਸਮਾਨਤਾ ਸੰਬੰਧੀ ਸਾਰੇ ਪੱਧਰਾਂ ਤੇ ਮਸ਼ਵਰਾ ਸ਼ਾਮਿਲ ਹੋਵੇ ਅਤੇ ਉਹਨਾਂ ਕੁੜੀਆਂ ਤੇ ਔਰਤਾਂ ਲਈ ਖਾਸ ਤੌਰ ’ਤੇ ਹੋਵੇ ਜੋਕਿ ਭੂਗੋਲਿਕ ਤੌਰ ’ਤੇ ਬਹੁਤ ਪਿਛੜੀਆਂ ਹੋਈਆਂ ਹਨ।
- ਸਿੱਖਿਆ ਵਿੱਚ ਗੁਣਵੱਤਾ ਲਿਆਉਣ ਲਈ ਸਰਕਾਰ ਵੱਲੋਂ ਸਹਿਮਤ ਮਾਨਕਾਂ ਨੂੰ ਵਿਕਸਿਤ ਅਤੇ ਲਾਗੂ ਕਰਨਾ।
- ਇਹ ਪੱਕਾ ਕਰਨਾ ਕਿ ਸਕੂਲਾਂ ਵਿੱਚ ਸੈਕਸੁਅਲ ਹਿੰਸਾ ਅਤੇ ਪ੍ਰੇਸ਼ਾਨੀ ਨੂੰ ਖਤਮ ਕਰਨ ਲਈ ਇੱਕ ਸਾਫ ਤੇ ਪਾਰਦਰਸ਼ੀ ਪ੍ਰਕ੍ਰਿਆ ਤਹਿਤ ਕਾਨੂੰਨੀ ਮਾਪਦੰਡ ਹੋਣ।
- ਇਹ ਪੱਕਾ ਕਰਨਾ ਕਿ ਲਿੰਗ -ਸਮਾਨਤਾ ਦੀ ਟਰੇਨਿੰਗ ਅਧਿਆਪਕ -ਸਿੱਖਿਆ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣੀ ਚਾਹੀਦੀ ਹੈ ਅਤੇ ਇਹ ਪ੍ਰੀ-ਸਰਵਿਸ ਪੱਧਰ ਤੇ, ਇਸ ਸਰਵਿਸ ਪੱਧਰ ਤੇ, ਕਾਲਜ ਅਤੇ ਯੂਨੀਵਰਸਿਟੀ ਪੱਧਰ ’ਤੇ ਵੀ ਹੋਣੀ ਚਾਹੀਦੀ ਹੈ।
- ਯੋਗਤਾ ਅਤੇ ਬਜਟ ਦੀ ਪ੍ਰਕਿਆ ਨੂੰ ਜਾਂਚਣਾ ਅਤੇ ਇਹ ਪੱਕਾ ਕਰਨਾ ਕਿ ਸਾਡੇ ਪੱਧਰਾਂ ’ਤੇ ਅਧਿਕਾਰੀ ਇਸ ਨੂੰ ਸਿੱਖਿਆ ਵਿੱਚ ਲਾਗੂ ਕਰ ਸਕਣ। ਕੋਈ ਜਰੂਰੀ ਟਰੇਨਿੰਗ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਵੇ।

## 3.4 ਲਿੰਗ ਭੂਮਿਕਾ ਦੀ ਧਾਰਨਾ :-

ਲਿੰਗ ਵਖਰੇਵਿਆਂ ਦਾ ਪ੍ਰਗਟਾਵਾ, ਭੂਮਿਕਾਵਾਂ, ਸੰਬੰਧਾਂ ਅਤੇ ਪਛਾਣਾ ਦੀ ਸੰਰਚਨਾ ਵਿਚ ਲੱਭਿਆ ਜਾ ਸਕਦਾ ਹੈ। ਭੂਮਿਕਾਵਾਂ ਇਸ ਸਿਰਣੇ ’ਤੇ ਆਧਾਰਿਤ ਹੁੰਦੀਆਂ ਹਨ ਕਿ ਆਦਮੀ ਅਤੇ ਔਰਤ ਕੀ ਕਰਦੇ ਹਨ। ਆਦਮੀ ਅਤੇ ਔਰਤ ਦੇ ਸਮਾਜ ਵੱਲੋਂ ਪ੍ਰਵਾਨਿਤ ਉਪਯੁਕਤ ਸੁਭਾਅ ਨੂੰ ਲਿੰਗ ਭੂਮਿਕਾ ਕਿਹਾ ਜਾਂਦਾ ਹੈ। ਇਹ ਭੂਮਿਕਾ ਉਹਨਾਂ ਸਮਾਜਿਕ ਨਿਯਮਾਂ ਦਾ ਸੈੱਟ ਹੁੰਦਾ ਹੈ ਜੋ ਕਿਸੇ ਵੀ ਵਿਅਕਤੀ ਦੇ ਸੈਕਸ ਦੇ ਅਨੁਸਾਰ ਸਵੀਕ੍ਰਿਤ ਅਤੇ ਉਪਯੁਕਤ ਮੰਨਿਆ ਜਾਂਦਾ ਹੈ। ਸਮਾਜ ਵਿੱਚ ਲਿੰਗ ਭੂਮਿਕਾ ਦਾ ਅਰਥ ਹੈ ਕਿ ਸਾਡੇ ਸੈਕਸ ਦੇ ਅਨੁਸਾਰ ਸਾਨੂੰ ਕਿਵੇਂ ਖਾਣਾ, ਪੀਣਾ, ਬੋਲਣਾ, ਕਾਰ-ਵਿਹਾਰ ਆਦਿ ਕਰਨਾ ਚਾਹੀਦਾ ਹੈ। ਉਦਾਹਰਨ ਲਈ, ਕੁੜੀਆਂ ਅਤੇ ਔਰਤਾਂ ਨੂੰ ਹਮੇਸ਼ਾ ਔਰਤਾਂ ਵਾਲੇ ਤਰੀਕੇ ਨਾਲ ਕੱਪੜੇ ਪਾਉਣ ਲਈ ਕਿਹਾ ਜਾਂਦਾ ਹੈ ਅਤੇ ਹਮੇਸ਼ਾ ਨਿਮਰ ਸੁਭਾਅ ਵਾਲਾ ਹੋਣ ਲਈ ਕਿਹਾ ਜਾਂਦਾ ਹੈ।

**ੳ) ਲਿੰਗ ਭੂਮਿਕਾ ਦੇ ਪਰਿਪੇਖ :-**ਲਿੰਗ ਭੂਮਿਕਾ ਦੀ ਧਾਰਨਾ ਨੂੰ ਹੇਠ ਲਿਖੇ ਪਰਿਪੇਖ ਸਾਨੂੰ ਬਹੁਤ ਚੰਗੇ ਤਰੀਕੇ ਨਾਲ ਸਮਝਾ ਸਕਦੇ ਹਨ:

1) **ਲਿੰਗੀ ਭੂਮਿਕਾ ਦਾ ਪਾਰੰਪਰਿਕ ਪਰਿਪੇਖ :-** ਪਾਰੰਪਰਿਕ ਤੌਰ ਤੇ, ਪੱਛਮ ਸਮਾਜ ਇਹ ਵਿਸ਼ਵਾਸ ਕਰਦਾ ਹੈ ਕਿ ਔਰਤਾਂ ਪੁਰਖਾਂ ਦੇ ਮੁਕਾਬਲੇ ਵਿੱਚ ਵਧੀਆ ਪਾਲਣ ਪੋਸ਼ਣ ਕਰਦੀਆਂ ਹਨ। ਇਸ ਲਈ, ਔਰਤਾਂ ਦੀ ਲਿੰਗੀ ਭੂਮਿਕਾ ਦੇ ਇਸ ਪਾਰੰਪਰਿਕ ਪਰਿਪੇਖ ਅਨੁਸਾਰ ਔਰਤਾਂ ਹਮੇਸ਼ਾ ਪਾਲਣ-ਪੋਸ਼ਣ ਸੰਬੰਧੀ ਸੁਭਾਅ ਦੀ ਹੀ ਆਸ ਕੀਤੀ ਜਾਂਦੀ ਹੈ। ਇਸ ਦਾ ਇੱਕ ਤਰੀਕਾ ਹੈ ਕਿ ਔਰਤਾਂ ਬਾਹਰ ਜਾ ਕੇ ਕੰਮ ਕਰਨ ਦੀ ਬਜਾਏ ਆਪਣਾ ਪੂਰਾ ਸਮਾਂ ਆਪਣੇ ਪਰਿਵਾਰ ਅਤੇ ਬੱਚਿਆਂ ਦੇ ਲਾਲਣ -ਪਾਲਣ ਨੂੰ ਦੇਣ। ਦੂਜੇ ਪਾਸੇ, ਪਾਰੰਪਰਿਕ ਪਰਿਪੇਖ ਅਨੁਸਾਰ ਪੁਰਸ਼ਾਂ ਨੂੰ ਲੀਡਰ ਦੇ ਲਿੰਗੀ ਰੋਲ ਨਾਲ ਨਵਾਜਿਆ ਜਾਂਦਾ ਹੈ। ਇਸ ਪਾਰੰਪਰਿਕ ਦ੍ਰਿਸ਼ਟੀਕੋਣ ਦੇ ਅਨੁਸਾਰ ਪੁਰਖਾਂ ਦੀ ਲਿੰਗੀ ਭੂਮਿਕਾ ਆਪਣੇ ਪਰਿਵਾਰ ਦਾ ਮੁੱਖੀ ਬਣਕੇ ਉਹਨਾਂ ਦਾ ਵਿੱਤੀ ਰੂਪ ਨਾਲ ਪਾਲਣ -ਪੋਸ਼ਣ

ਕਰਨਾ ਅਤੇ ਹੋਰ ਤਰ੍ਹਾਂ ਇਸ ਦੇ ਜ਼ਰੂਰੀ ਪਰਿਵਾਰ ਸੰਬੰਧੀ ਨਿਰਣੇ ਲੈਣੇ ਹੁੰਦੇ ਹਨ। ਇਸ ਤਰ੍ਹਾਂ ਦੇ ਵਿਚਾਰ ਸਮਾਜ ਦੇ ਕਈ ਭਾਗਾਂ ਵਿੱਚ ਭਾਵੇਂ ਪ੍ਰਮੁੱਖ ਹਨ, ਪਰ ਲਿੰਗੀ ਭੂਮਿਕਾਵਾਂ ਸੰਬੰਧੀ ਪਾਰੰਪਰਿਕ ਮਤਾਂ ਦੇ ਵੈਕਲਪਿਕ ਪਰਿਪੇਖ ਇਕੱਵੀ ਸਦੀ ਵਿੱਚ ਵੱਧਦੇ ਹੀ ਜਾ ਰਹੇ ਹਨ।

2) **ਲਿੰਗੀ ਭੂਮਿਕਾ ਦਾ ਵਾਤਾਵਰਨ ਸੰਬੰਧੀ ਪਰਿਪੇਖ :–** ਲਿੰਗੀ ਭੂਮਿਕਾ ਦਾ ਇਹ ਪਰਿਪੇਖ ਸੁਝਾਅ ਦਿੰਦਾ ਹੈ ਕਿ ਲਿੰਗੀ ਭੂਮਿਕਾ ਵਿਅਕਤੀ, ਸਮੁਦਾਇ ਅਤੇ ਉਹਨਾਂ ਦੇ ਵਾਤਾਵਰਨ ਪ੍ਰਤੀ ਆਪਸੀ ਪ੍ਰਤੀਕ੍ਰਿਆਵਾਂ ਕਰਕੇ ਬਣਦਾ ਹੈ। ਜਦੋਂ ਲੋਕ ਲਿੰਗੀ ਭੂਮਿਕਾ ਦੀ ਸੰਰਚਨਾ ਕਰ ਰਹੇ ਹੁੰਦੇ ਹਨ ਤਾਂ ਨਾਲ ਨਾਲ ਉਹਨਾਂ ਦਾ ਭੌਤਿਕ ਅਤੇ ਸਮਾਜਿਕ ਵਾਤਾਵਰਨ ਵੀ ਕੰਮ ਕਰ ਰਿਹਾ ਹੁੰਦਾ ਹੈ।

3) **ਲਿੰਗੀ ਭੂਮਿਕਾ ਦਾ ਜੈਵਿਕ ਪਰਿਪੇਖ :–** ਲਿੰਗੀ ਭੂਮਿਕਾ ਦਾ ਜੈਵਿਕ ਪਰਿਪੇਖ ਦੱਸਦਾ ਹੈ ਕਿ ਔਰਤਾਂ ਦੀ ਆਪਣੇ ਲਿੰਗੀ ਰੋਲ ਪ੍ਰਤੀ ਕੁਦਰਤੀ ਸੰਬੰਧ ਹੁੰਦਾ ਹੈ ਜਦੋਂ ਕਿ ਮਰਦਾਂ ਦਾ ਆਪਣੇ ਲਿੰਗੀ ਰੋਲ ਪ੍ਰਤੀ ਕੁਦਰਤੀ ਸੰਬੰਧ ਹੁੰਦਾ ਹੈ। ਇਹ ਜੈਵਿਕ ਪਰਿਪੇਖ ਕਦੇ ਵੀ ਇਹ ਸੁਝਾਅ ਨਹੀਂ ਦਿੰਦਾ ਕਿ ਇੱਕ ਰੋਲ ਦੂਜੇ ਰੋਲ ਤੋਂ ਵੱਡਾ ਹੈ ਜਾਂ ਛੋਟਾ।

4) **ਲਿੰਗੀ ਭੂਮਿਕਾ ਦਾ ਸਾਮਾਜਿਕ ਪਰਿਪੇਖ :–** ਲਿੰਗੀ ਭੂਮਿਕਾ ਦਾ ਸਮਾਜਿਕ ਰੋਲ ਇਹ ਦੱਸਦਾ ਹੈ ਕਿ ਔਰਤ ਅਤੇ ਮਰਦ ਦੀਆਂ ਭੂਮਿਕਾਵਾਂ ਸਿੱਖੀਆਂ ਜਾਂਦੀਆਂ ਹਨ ਅਤੇ ਔਰਤ ਅਤੇ ਮਰਦਾਂ ਦੇ ਜੈਵਿਕ ਗੁਣ ਉਹਨਾਂ ਦੀਆਂ ਭੂਮਿਕਾਵਾਂ ਨਾਲ ਨਹੀਂ ਜੁੜੀਆਂ ਹੁੰਦੀਆਂ। ਸਮਾਜ -ਵਿਗਿਆਨੀਆਂ ਨੇ ਵੱਖ-ਵੱਖ ਅਧਿਆਨਾਂ ਵਿੱਚ ਦੱਸਿਆ ਹੈ ਕਿ ਇਹ ਲਿੰਗੀ ਭੂਮਿਕਾਵਾਂ ਸਮਾਜ ਵਿੱਚ ਮੌਜੂਦ ਹੁੰਦੀਆਂ ਹਨ ਅਤੇ ਇਹ ਸਮਾਜ ਵਿੱਚ ਰਹਿਕੇ ਸਿੱਖੀਆਂ ਜਾਂਦੀਆਂ ਹਨ। ਕੁਝ ਭੂਮਿਕਾਵਾਂ ਅਣਸਿੱਖੀਆਂ ਵੀ ਰਹਿ ਜਾਂਦੀਆਂ ਹਨ ਅਤੇ ਕੁਝ ਨਵੇਂ ਅਤੇ ਵੱਖ-2 ਰੋਲ ਵੀ ਬਣਦੇ ਰਹਿੰਦੇ ਹਨ।

**ਅ) ਲਿੰਗ ਭੂਮਿਕਾਵਾਂ :–**

ਮਰਦ ਅਤੇ ਔਰਤ ਦੀਆਂ ਲਿੰਗੀ ਭੂਮਿਕਾਵਾਂ ਹਮੇਸ਼ਾ ਔਰਤ ਅਤੇ ਮਰਦ ਦੀ ਧਾਰਨਾਵਾਂ 'ਤੇ ਕੇਂਦਰਿਤ ਹੁੰਦੀਆਂ ਹਨ ਪਰੰਤੂ ਫਿਰ ਵੀ ਇਹਨਾਂ ਵਿੱਚ ਕੁਝ ਅਪਵਾਦ ਅਤੇ ਭਿੰਨਤਾਵਾਂ ਹਨ। ਇਹਨਾਂ ਵਿੱਚੋਂ ਕੁਝ ਖਾਸ ਲਿੰਗੀ ਅਪਵਾਦ ਵੱਖ-ਵੱਖ ਸੱਭਿਆਚਾਰਾਂ ਵਿੱਚ ਵੱਖਰੇ-ਵੱਖਰੇ ਹਨ ਅਤੇ ਕਈ ਸੱਭਿਆਚਾਰਾਂ ਵਿੱਚ ਕੁਝ ਵਿਸ਼ੇਸ਼ਤਾਵਾਂ ਆਪਸ ਵਿੱਚ ਮੇਲ ਖਾਂਦੀਆਂ ਹਨ।

ਮਰਦਾਨਾਂ ਉਹਨਾਂ ਸੁਭਾਵਾਂ, ਗੁਣਾਂ ਅਤੇ ਭੂਮਿਕਾਵਾਂ ਦਾ ਸਮੂਹ ਹੈ ਜੋ ਆਦਮੀਆਂ ਅਤੇ ਮੁੰਡਿਆਂ ਨਾਲ ਸੰਬੰਧ ਰੱਖਦੇ ਹਨ। ਪੱਛਮੀ ਸਮਾਜ ਦੇ ਮਰਦਾਨਾ ਗੁਣਾਂ ਵਿੱਚ ਤਾਕਤ, ਨਿਡਰਤਾ, ਆਜਾਦੀ, ਲੀਡਰਸਿੱਪ ਅਤੇ ਜ਼ੋਰ ਆਦਿ ਗੁਣ ਸ਼ਾਮਿਲ ਹਨ। 'ਮੈਸਕੁਲਿਨ' ਮਰਦਾਨਾ ਗੁਣਾਂ ਦੀ ਇੱਕ ਕਿਸਮ ਹੈ ਜੋ ਸ਼ਕਤੀ ਵੱਲ ਜ਼ੋਰ ਦਿੰਦੀ ਹੈ। ਔਰਤਾਂ ਦੇ ਗੁਣਾਂ ਵਿੱਚ ਕੋਮਲਤਾ, ਹਮਦਰਦੀ, ਨਿਮਰਤਾ ਅਤੇ ਸੰਵੇਦਨਾ ਸ਼ਾਮਿਲ ਹਨ। ਇਹ ਗੁਣ ਵੱਖ-ਵੱਖ ਸਮਾਜ ਅਤੇ ਵੱਖ-ਵੱਖ ਵਿਅਕਤੀਆਂ ਵਿੱਚ ਵੱਖਰੇ-ਵੱਖਰੇ ਹਨ ਅਤੇ ਇਹ ਸਮਾਜਿਕ ਅਤੇ ਸੱਭਿਆਚਾਰਕ ਕਾਰਕਾਂ ਤੋਂ ਪ੍ਰਭਾਵਿਤ ਹੁੰਦੇ ਰਹਿੰਦੇ ਹਨ।

**ਕਝ ਗੁਣ ਜੋ ਕਿ ਮਰਦ ਵਿੱਚ ਸ਼ਾਮਿਲ ਹੁੰਦੇ ਹਨ:–**

- ਪ੍ਰਮੁੱਖਤਾ
- ਤਾਕਤਵਰ
- ਆਜ਼ਾਦ
- ਜ਼ੋਰ
- ਬਹਾਦਰ

- ਨਵੀਨਤਾਕਰੀ

**ਕੁਝ ਗੁਣ ਜੋਕਿ ਔਰਤਾਂ ਵਿੱਚ ਸ਼ਾਮਿਲ ਹੁੰਦੇ ਹਨ**

- ਭਾਵੁਕ
- ਸਹਿਯੋਗੀ
- ਪਾਲਣ -ਪੋਸ਼ਣ ਕਰਨ ਵਾਲੀ
- ਕਮਜ਼ੋਰ
- ਧਿਆਨ ਰੱਖ ਵਾਲੀ
- ਨਿਮਰ

ਇਹ ਭੂਮਿਕਾਵਾਂ ਕੁਦਰਤੀ ਨਹੀਂ ਹੁੰਦੀਆਂ ਬਲਕਿ ਸਮਾਜ ਵਿੱਚੋਂ ਪ੍ਰਾਪਤ ਕੀਤੀਆਂ ਹੁੰਦੀਆਂ ਹਨ।

### 3.5 ਲਿੰਗੀ ਪੱਖਪਾਤ:-

**ੳ) ਪੱਖਪਾਤ ਦਾ ਅਰਥ**:- ਪੱਖਪਾਤ ਦਾ ਅਰਥ ਹੈ ਕਿਸੇ ਨੂੰ ਜਾਂ ਕਿਸੇ ਚੀਜ ਲਈ ਜਾਂ ਇਸਦੇ ਵਿਰੁੱਧ ਝੁਕਾਅ ਜਾਂ ਪੱਖਪਾਤ ਨੂੰ ਮਹਿਸੂਸ ਕਰਨਾ ਜਾਂ ਦਿਖਾਉਣਾ। ਪੱਖਪਾਤ ਇੱਕ ਵਿਸ਼ੇਸ਼ ਦਿਸ਼ਾ ਵੱਲ ਝੁਕਣ ਦਾ ਰੁਝਾਨ ਹੈ, ਚਾਹੇ ਉਹ ਕਿਸੇ ਖਾਸ ਚੀਜ਼ ਬਾਰੇ ਨਿਰਪੱਖ ਨਜ਼ਰੀਏ ਦੀ ਘਾਟ ਹੈ। ਸਾਡਾ ਰੁਝਾਨ ਇਹ ਸੋਚ ਵੱਲ ਹੁੰਦਾ ਹੈ ਕਿ ਕੋਈ ਚੀਜ਼ ਬੁਰੀ ਹੈ ਪਰੰਤੂ ਇਹ ਹਮੇਸ਼ਾ ਸੱਚ ਨਹੀਂ ਹੁੰਦਾ। ਜੇਕਰ ਤੁਸੀਂ ਕਿਸੇ ਚੀਜ਼ ਪ੍ਰਤੀ ਪੱਖਪਾਤ ਕਰਦੇ ਹੋ, ਤੁਸੀਂ ਉਸਦੇ ਪੱਖ ਵਿੱਚ ਸੋਚਦੇ ਹੋ ਤਾਂ ਤੁਸੀਂ ਇਸ ਪ੍ਰਤੀ ਸਕਾਰਾਤਮਕ ਸੋਚੋਗੇ। ਇਸੀ ਤਰ੍ਹਾਂ, ਜੇਕਰ ਤੁਸੀਂ ਕਿਸੇ ਚੀਜ਼ ਦੇ ਵਿਰੋਧ ਵਿੱਚ ਪੱਖਪਾਤ ਕਰਦੇ ਹੋ ਤਾਂ ਤੁਸੀਂ ਉਸ ਚੀਜ਼ ਬਾਰੇ ਨਕਾਰਾਤਮਕ ਹੀ ਸੋਚਗੇ। ਉਦਾਹਰਣ ਲਈ, ਜੇ ਕੋਈ ਵਿਅਕਤੀ ਕਿਸੇ ਰਾਜਨੈਤਿਕ ਪਾਰਟੀ ਵੱਲ ਪੱਖਪਾਤੀ ਹੈ ਤਾਂ ਉਹ ਉਸ ਪਾਰਟੀ ਦੇ ਰਾਜਨੇਤਾਵਾਂ ਬਾਰੇ ਸਕਾਰਾਤਮਕ ਵਿਚਾਰ ਹੀ ਰੱਖੇਗਾ। ਜੇਕਰ ਉਹੀ ਵਿਅਕਤੀ ਪੱਖਪਾਤੀ ਵਿਰੋਧੀਰਵੱਈਆ ਰਾਜਨੀਤਿਕ ਪਾਰਟੀ ਦੇ ਰੱਖੇ ਵਿਚਾਰਾਂ ਪ੍ਰਤੀ ਰੱਖਦਾ ਹੈ ਅਤੇ ਉਸ ਪਾਰਟੀ ਦੇ ਵਿਚਾਰਾਂ ਨਾਲ ਸਹਿਮਤ ਨਾ ਹੋ ਕੇ ਉਹਨਾਂ ਨੂੰ ਅਸਵੀਕ੍ਰਿਤ ਕਰ ਦਿੰਦਾ ਹੈ।

ਪੱਖਪਾਤ ਦੇ ਬਹੁਤ ਸਾਰੇ ਪ੍ਰਕਾਰ ਹਨ ਜੋ ਸਮਾਜ ਵਿੱਚ ਮੌਜੂਦ ਹਨ ਜੋਕਿ ਧਰਮ, ਸਮੁਦਾਇ, ਜਾਤ, ਸ੍ਰੇਣੀ ਆਦਿ ਨਾਲ ਸੰਬੰਧਿਤ ਹੁੰਦੇ ਹਨ। ਇਹਨਾਂ ਸਾਰਿਆਂ ਵਿੱਚੋਂ ਇੱਕ ਲਿੰਗੀ ਪੱਖਪਾਤ ਵੀ ਹੈ।

ਲਿੰਗੀ ਪੱਖਪਾਤ ਨੂੰ ਇੱਕ ਉਦਾਹਰਨ ਦੁਆਰਾ ਸਮਝਦੇ ਹਾਂ। ਜੇਕਰ ਕਿਸੇ ਔਰਤਾਂ ਪਤੀ ਪੱਖਪਾਤੀ ਰਵੱਈਆ ਹੈ ਤਾਂ ਉਸ ਦੀਆਂ ਦੋ ਵੱਖਰੀਆਂ ਪਹੁੰਚਾ ਹੋ ਸਕਦੀਆਂ ਹਨ। ਜੇਕਰ ਉਹ ਔਰਤਾਂ ਪ੍ਰਤੀ ਪੱਖਪਾਤੀ ਹਨ, ਤਾਂ ਉਹ ਨੌਕਰੀ ਤੇ ਸਿਰਫ਼ ਔਰਤਾਂ ਨੂੰ ਹੀ ਰੱਖਣਗੇ ਕਿਉਂਕਿ ਉਹਨਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਇਸ ਤਰ੍ਹਾਂ ਲਿੰਗ ਸੰਬੰਧੀ ਕਾਰਨਾਂ ਲਈ ਜ਼ਿਆਦਾ ਰੁਜ਼ਗਾਰ ਪੈਦਾ ਕਰ ਸਕਦੇ ਹਨ। ਇਸ ਤੋਂ ਉਲਟ, ਜੇਕਰ ਉਹ ਔਰਤ ਦੇ ਵਿਰੋਧੀ ਰਵੱਈਆ ਰੱਖੇ ਤਾਂ ਉਹ ਨੌਕਰੀ ਲਈ ਜਿਆਦਾ ਪੜ੍ਹੀ -ਲਿਖੀ ਔਰਤ ਉਮੀਦਵਾਰ ਨੂੰ ਰੱਖਣ ਦੀ ਬਜਾਏ ਪੁਰਸ਼ ਨੂੰ ਰੱਖੇਗਾ।

ਇਸ ਲਈ ਲਿੰਗੀ ਪੱਖਪਾਤ ਦਾ ਮਤਲਬ ਇੱਕ ਲਿੰਗ ਨੂੰ ਦੂਜੇ ਲਿੰਗ ਤੋਂ ਵੱਧ ਉੱਤਮ ਸਮਝਣਾ ਅਤੇ ਇਸ ਅਧਾਰ ਤੇ ਦੂਜੇ ਲਿੰਗ ਨਾਲ ਭੇਦਭਾਵ ਕਰਨਾ ਹੈ।ਲਿੰਗੀ ਪੱਖਪਾਤ ਹਾਲੇ ਵੀ ਸਾਡੇ ਸਮਾਜ ਵਿੱਚ ਮੌਜੂਦ ਹੈ ਭਾਵੇ ਇਸਨੂੰ ਕਾਨੂੰਨ ਦੁਆਰਾ ਗੈਰ੍ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਹੈ। ਅਸੀਂ ਤਲਾਕ ਦੇ ਕੇਸਾਂ ਨੂੰ ਦੇਖਦੇ ਹਾਂ ਜਿਥੇ ਬੱਚੇ ਨੂੰ ਰੱਖਣ ਸੰਬੰਧੀ ਪੁਰਸ਼ ਨੂੰ ਹਮੇਸ਼ਾ ਹੀ ਨੁਕਸਾਨ ਹੁੰਦਾ ਹੈ।

**ਅ) ਲਿੰਗੀ ਪੱਖਪਾਤ ਦੀ ਪਰਿਭਾਸ਼ਾ:-** ਸਮਕਾਲੀ ਅੰਗਰੇਜ਼ੀ ਦੇ ਲੋਂਗਮੈਨ ਕੋਸ਼ ਦੇ ਅਨੁਸਾਰ ਲਿੰਗੀ ਪੱਖਪਾਤ ਉਸ ਸਮੇਂ ਹੁੰਦਾ ਹੈ। ਜਦੋਂ ਆਦਮੀ ਤੇ ਔਰਤ ਨੂੰ ਵੱਖਰੇ-ਵੱਖਰੇ ਤਰੀਕੇ ਨਾਲ ਵਿਵਹਾਰ ਕੀਤਾ ਜਾਂਦਾ ਹੈ ਜੋਕਿ ਠੀਕ ਨਹੀਂ ਹੁੰਦਾ।

**ਹਿਲ ਅਤੇ ਹਿਲ (2000)** ਦੇ ਅਨੁਸਾਰ, ''ਲਿੰਗੀ ਪੱਖਪਾਤ ਰੁਜਗਾਰ ਦੇ ਮੌਕਿਆ ਵਿੱਚ ਅਸਮਾਨ ਵਿਵਹਾਰ ਹੈ ਅਤੇ ਨਾਲ ਹੀ ਕਾਮੇ ਦੇ ਸੈਕਸ ਦੇ ਅਨੁਸਾਰ ਉਸਤੇ ਰੱਖੀਆਂ ਉਮੀਦਾਂ ਤੋਂ ਹੈ। ਲਿੰਗੀ ਪੱਖਪਾਤ ਵਿਤਕਰਾ ਪੱਖਪਾਤ ਵਿਰੋਧੀ ਅਧੀਨ ਮੁਕੱਦਮੇ ਲਈ ਜਾਇਜ਼ ਆਧਾਰ ਹੋ ਸਕਦਾ ਹੈ।

**ੲ) ਭਾਰਤ ਵਿੱਚ ਲਿੰਗੀ ਪੱਖਪਾਤ:-** ਲਿੰਗੀ ਪੱਖਪਾਤ ਹੁਣ ਤੱਕ ਭਾਰਤੀ ਸਮਾਜ ਦਾ ਇੱਕ ਅਟੁੱਟ ਹਿੱਸਾ ਹੈ। ਭਾਰਤ ਵਿੱਚ ਕੁੜੀਆਂ ਨਾਲ ਦੂਜੇ ਨਾਗਰਿਕ ਦੀ ਤਰ੍ਹਾਂ ਵਿਵਹਾਰ ਕੀਤਾ ਜਾਂਦਾ ਹੈ। ਭਰੂਣ ਹੱਤਿਆ ਇੱਕ ਲਿੰਗੀ ਪੱਖਪਾਤ ਹੀ ਹੈ ਜੋ ਕਿ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਭਾਰਤ ਵਿੱਚ ਸ਼ੁਰੂ ਹੋ ਜਾਂਦੀ ਹੈ। ਦਾਜ ਕਾਰਨ ਮੌਤਾਂ ਅਤੇ ਕੁੜੀਆਂ ਦੀ ਬਾਲ -ਹੱਤਿਆਂ ਵੀ ਭਾਰਤੀ ਸਮਾਜ ਦੀ ਬਹੁਤ ਘਿਣੌਣੀ ਲਿੰਗ ਪੱਖਪਾਤਾਂ ਹਨ। ਭਾਰਤ ਵਿੱਚ ਲਿੰਗੀ ਪੱਖਪਾਤ ਦੇ ਕਈ ਕਾਰਨ ਲਈ ਜਿਵੇਂ ਘੱਟ ਸਿੱਖਿਆ ਦਰ, ਪਾਰੰਪਰਿਕ ਪਰਿਵਾਰ ਪ੍ਰਣਾਲੀ, ਅਗਵਾਈ ਅਤੇ ਜਾਗਰੂਕਤਾ ਦੀ ਘਾਟ ਆਦਿ। ਭਾਰਤੀ ਸਮਾਜ ਵਿੱਚ ਕੁੜੀਆਂ ਸਕੂਲ ਵਿੱਚ ਪੜ੍ਹਨ ਦੀ ਬਜਾਏ ਘਰ ਦੇ ਕੰਮ ਕਰਨ ਲਈ ਹੁੰਦੀਆਂ ਹਨ। ਕਈ ਵਾਰ ਉਹਨਾਂ ਨੂੰ ਬਹੁਤ ਛੋਟੀ ਉਮਰ ਵਿੱਚ ਵਿਆਹ ਕਰਨ ਲਈ ਜ਼ੋਰ ਪਾਇਆ ਜਾਂਦਾ ਹੈ ਅਤੇ ਉਹ ਛੋਟੀ ਉਮਰ ਵਿੱਚ ਮਾਵਾਂ ਬਣ ਜਾਂਦੀਆਂ ਹਨ। ਇਸ ਲਈ ਉਹ ਅਨਪੜ੍ਹ ਹੋਣ ਕਰਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਵੀ ਚੰਗੇ ਢੰਗ ਨਾਲ ਨਹੀਂ ਕਰ ਪਾਉਂਦੀਆਂ। ਭਾਰਤ ਵਿੱਚ ਲਿੰਗੀ ਪੱਖਪਾਤ ਦੇ ਅਜਿਹੇ ਮੁੱਦਿਆਂ ਨੂੰ ਕਾਨੂੰਨ ਦੁਆਰਾ, ਔਰਤਾਂ ਦੀ ਸਿੱਖਿਆ ਦੁਆਰਾ, ਔਰਤਾਂ ਨੂੰ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਕੇ ਅਤੇ ਦੇਸ਼ ਵਿੱਚ ਉਹਨਾਂ ਨੂੰ ਨਿਰਣੇ ਲੈਣ ਦੀ ਪ੍ਰਕ੍ਰਿਆਵਾਂ ਦਾ ਹਿੱਸਾ ਬਣਾਕੇ ਦੂਰ ਕੀਤਾ ਜਾ ਸਕਦਾ ਹੈ।

**3.6 ਲਿੰਗ ਰੂੜੀਵਾਦਿਤਾ:-**

**ੳ) ਲਿੰਗੀ ਰੂੜੀਵਾਦਿਤਾ ਦਾ ਅਰਥ:-** ਲਿੰਗੀ ਰੂੜੀਵਾਦਿਤਾ ਮਰਦ ਜਾਂ ਔਰਤ ਨੂੰ ਉਹਨਾਂ ਦੇ ਲਿੰਗ ਦੇ ਆਧਾਰ ਤੇ ਇੱਕ ਖਾਸ ਸਮੂਹ ਦੀਆਂ ਵਿਸ਼ੇਸ਼ਤਾਵਾਂ ਅਤੇ ਭੂਮਿਕਾਵਾਂ ਬਾਰੇ ਪੂਰਣ -ਧਾਰਿਤ ਵਿਚਾਰਾਂ ਅਤੇ ਧਾਰਨਾਵਾਂ ਦੇ ਆਧਾਰ ਤੇ ਵਿਸ਼ੇਸ਼ਤਾਵਾਂ ਅਤੇ ਭੂਮਿਕਾਵਾਂ ਨਿਰਧਾਰਿਤ ਕਰਨ ਦਾ ਅਭਿਆਸ ਹੈ।

ਰੂੜੀਵਾਦਿਤਾ ਇੱਕ ਅਜਿਹੀ ਧਾਰਨਾ ਹੈ ਜਿਸ ਵਿੱਚ ਕਿ ਇੱਕ ਵਿਅਕਤੀ ਕੋਲ ਸਾਰੀਆਂ ਵਿਸ਼ੇਸ਼ਤਾਵਾਂ ਅਤੇ ਯੋਗਤਾਵਾਂ ਹੁੰਦੀਆਂ ਹਨ ਜਿਹੜੀ ਉਸ ਸਮੂਹ ਦੇ ਸਾਰੇ ਮੈਂਬਰਾਂ ਕੋਲ ਹੁੰਦੀਆਂ ਹਨ। ਇਹ ਧਾਰਨਾ ਸਮੂਹ ਦੇ ਕੋਈ ਇੱਕ ਮੈਂਬਰ ਲਈ ਠੀਕ ਵੀ ਹੋ ਸਕਦੀ ਹੈ ਜਾਂ ਠੀਕ ਨਹੀਂ ਵੀ ਹੋ ਸਕਦੀ। ਰੂੜੀਵਾਦਿਤਾ ਇੱਕ ਆਮ ਜਨਤਕ ਧਾਰਨਾ ਹੈ ਜੋ ਕਿਸੇ ਸਾਮਾਜਿਕ ਸਮੂਹ ਲਈ ਜਾਂ ਕਿਸੇ ਵਿਅਕਤੀ ਦੀ ਖਾਸ ਕਿਸਮ ਲਈ ਹੋ ਸਕਦਾ ਹੈ। ਉਦਾਹਰਨ ਲਈ ਜੇਕਰ ਕੋਈ ਕਹੇ ''ਔਰਤ ਚੰਗਾ ਖਾਣਾ ਬਣਾਉਂਦੀ ਹੈ'' ਤਾਂ ਉਹ ਇੱਕ ਰੂੜੀਵਾਦੀ ਔਰਤ ਪ੍ਰਤੀ ਇੱਕ ਰੂੜੀਵਾਦੀ ਧਾਰਨਾ ਹੋਵੇਗੀ। ਜੇਕਰ ਕੋਈ ਕਹੇ ਕਿ ''ਆਦਮੀ ਗਣਿਤ ਵਿੱਚ ਚੰਗੇ ਹੁੰਦੇ ਹਨ।'' ਉਹ ਇੱਕ ਆਦਮੀ ਪ੍ਰਤੀ ਰੂੜੀਵਾਦੀ ਧਾਰਨਾ ਹੋਵੇਗੀ। ਅਸੀਂ ਜਾਣਦੇ ਹਾਂ ਕਿ ਸਾਰੇ ਪੁਰਸ਼ ਗਣਿਤ ਵਿੱਚ ਚੰਗੇ ਨਹੀਂ ਹੋ ਸਕਦੇ। ਉਪਰੋਕਤ ਦਿੱਤੀਆਂ ਉਦਾਹਰਨਾਂ ਵਿੱਚ ਧਨਾਤਮਕ ਭਾਵਅਰਥ ਹਨ ਪਰ ਕਈ ਰੂੜੀਵਾਦੀਆਂ ਦੇ ਰਿਣਾਤਮਕ ਭਾਵਅਰਥ ਵੀ ਹੁੰਦੇ ਹਨ। ਉਦਾਹਰਨ ਲਈ ਜੇਕਰ ਕੋਈ ਕਹੇ, ''ਮੁੰਡੇ ਕੁਝ ਕੰਮ ਨਹੀਂ ਕਰਦੇ'' ਇਹ ਸਾਰਿਆਂ ਮੁੰਡਿਆਂ ਲਈ ਸੱਚ ਨਹੀਂ ਹੁੰਦਾ।

**ਲਿੰਗੀ ਰੂੜੀਵਾਦਿਤਾ ਦੀ ਪਰਿਭਾਸ਼ਾ:-** ਕਾਰਡਵੱਲ ਦੇ ਅਨੁਸਾਰ (1996),'' ਰੂੜੀਵਾਦੀ ਕਿਸੇ ਖਾਸ ਸਮੂਹ ਜਾਂ ਇੱਕ ਵਰਗ ਦੇ ਲੋਕਾਂ ਬਾਰੇ ਧਾਰਨਾ ਹੈ। ਉਦਾਹਰਨ ਲਈ, ''ਨਰਕ ਦੀ ਪਰੀ ਬਾਈਕਰ'' ਚਮੜੇ ਦੀ ਪੁਸ਼ਾਕ ਪਹਿਨਦੀ ਹੈ।

**ਹਾਈ ਕਮੀਸ਼ਨਰ, ਯੁਨਾਈਨੇਡ ਨੇਸ਼ਨਜ਼ ਹਿਉਮਨ ਰਾਈਟਸ** ਦੇ ਅਨੁਸਾਰ ਰੂੜੀਵਾਦਿਤਾ ਉਹਨਾਂ ਗੁਣਾਂ ਜਾਂ ਵਿਸ਼ੇਸ਼ਤਾਵਾਂ ਦੀ ਇੱਕ ਧਾਰਨਾ ਹੈ ਜੋ ਕਿ ਆਦਮੀ ਅਤੇ ਔਰਤ ਦੁਆਰਾ ਨਿਭਾਏ ਜਾਦੇ ਹਨ। ਇਹ ਆਦਮੀ ਜਾਂ ਔਰਤ ਦੇ ਵਿਸ਼ੇਸ਼ ਗੁਣਾਂ, ਵਿਸ਼ੇਸ਼ਤਾਵਾਂ ਜਾਂ ਭੂਮਿਕਾਵਾਂ ਦਾ ਇਕ ਅਭਿਆਸ ਹੈ ਜੋ ਆਦਮੀ ਜਾਂ ਔਰਤ ਦੇ ਸਮਾਜਿਕ ਸਮੂਹ ਦੀ ਮੈਬਰਸ਼ਿਪ ਕਰਕੇ ਕੀਤੀ ਜਾਦੀ ਹੈ।

**ਅ) ਸਮਾਜਿਕ ਰੁੜੀਵਾਦਿਤਾ ਦਾ ਆਧਾਰਭੂਤ ਵਰਗੀਕਰਨ**

ਇਹ ਚਾਰ ਪ੍ਰਕਾਰ ਦਾ ਹੈ:-

1. **ਸ਼ਖਸੀਅਤੀ ਗੁਣਾਂ:-** ਔਰਤ ਨੂੰ ਨਿਮਨ ਸੁਭਾਅ ਵਾਲੀ, ਕਮਜ਼ੋਰ ਅਤੇ ਵਿਵਸਥਿਤ ਕਠੋਰ ਅਤੇ ਪ੍ਰਮੁੱਖ ਮੰਨਿਆ ਜਾਦਾ ਹੈ।
2. **ਘਰੇਲੂ ਵਿਵਹਾਰ:-** ਔਰਤਾਂ ਨੂੰ ਕੁਕਿੰਗ ਵਿਚ, ਬੱਚੇ ਪਾਲਣ ਅਤੇ ਘਰ ਨੂੰ ਸਾਂਭਣ ਵਿਚ ਵਧੀਆ ਮੰਨਿਆ ਜਾਦਾ ਹੈ ਅਤੇ ਆਦਮੀਆਂ ਨੂੰ ਦੁਜੀਆਂ ਗਤੀਵਿਧੀਆਂ ਜਿਵੇ ਘਰ ਦੀ ਮੁਰੰਮਤ ਕਰਵਾਉਣਾ, ਗੱਡੀਆਂ ਚਲਾਉਣਾ ਅਤੇ ਵਿੱਤਾ ਦਾ ਪ੍ਰਬੰਧ ਕਰਨ ਵਿਚ ਵਧੀਆ ਮੰਨਿਆ ਜਾਦਾ ਹੈ ।
3. **ਕੰਮਕਾਰ:-**ਔਰਤਾਂ ਨੂੰ ਨਰਸ, ਸਫਾਈ ਕਰਮਚਾਰੀਆਂ, ਸਾਭ ਸੰਭਾਲ, ਅਧਿਆਪਕ ਅਤੇ ਰਿਸੈਪਸ਼ਨਿਸ਼ਟ ਦੇ ਤੌਰ ਤੇ ਦੇਖਿਆ ਜਾਦਾ ਹੈ। ਆਦਮੀਆਂ ਨੂੰ ਰਾਜਨੇਤਾ, ਇੰਜੀਨੀਅਰ, ਡਾਕਟਰ, ਮਕੈਨਿਕ ਅਤੇ ਲੇਖਾਕਾਰ ਦੇ ਤੌਰ ਤੇ ਦੇਖਿਆ ਜਾਦਾ ਹੈ।
4. **ਸ਼ਰੀਰਕ ਦਿੱਖ:-** ਇਹ ਮੰਨਿਆ ਜਾਂਦਾ ਹੈ ਕਿ ਔਰਤਾ ਪਤਲੀਆਂ ਅਤੇ ਕੱਦ ਵਿਚ ਛੋਟਿਆਂ ਹੋਣ ਤਾਂ ਸੋਹਣੀਆ ਲੱਗਦੀਆ ਹਨ ਜਦੋ ਕਿ ਪੁਰਸ਼ ਲੰਬੇ ਅਤੇ ਚੌੜੇ ਸਰੀਰ ਵਾਲੇ ਚੰਗੇ ਲੱਗਦੇ ਹਨ।

## 3.7 ਸੁਝਾਏ ਪ੍ਰਸ਼ਨ:-

1. ਲਿੰਗੀ ਇਕਉਟੀ ਦੀ ਧਾਰਨਾ ਦੀ ਵਿਆਖਿਆ ਕਰੋ। ਲਿੰਗੀ ਸਮਾਨਤਾ ਨਾਲ ਇਸਦਾ ਕੀ ਅੰਤਰ ਹੁੰਦਾ ਹੈ?
2. ਸਮਾਜ ਵਿਚ ਲਿੰਗੀ ਸਮਾਨਤਾ ਲਿਆਉਣ ਦੇ ਕਿਹੜੇ -2 ਸਾਧਨ ਹਨ?
3. ਲਿੰਗੀ ਭੂਮਿਕਾ ਦੀ ਧਾਰਨਾ ਤੋਂ ਤੁਸੀਂ ਕੀ ਸਮਝਦੇ ਹੋ?
4. ਲਿੰਗੀ ਪੱਖਪਾਤ ਦੀ ਧਾਰਨਾ ਦੀ ਇਸਦੀ ਪਰਿਭਾਸ਼ਾ ਦੇ ਨਾਲ ਵਿਆਖਿਆ ਕਰੋ। ਭਾਰਤੀ ਸਮਾਜ ਵਿਚ ਕਿਹੜੇ-2 ਲਿੰਗੀ ਪੱਖਪਾਤ ਮੌਜੂਦ ਹਨ?
5. ਲਿੰਗੀ ਰੁੜੀਵਾਦਿਤਾ ਦੀ ਧਾਰਨਾ ਬਾਰੇ ਦੱਸੋ। ਲਿੰਗੀ ਰੂੜੀਵਾਦਿਤਾ ਦੀ ਵੱਖਰੀਆਂ -ਵੱਖਰੀਆਂ ਕਿਸਮਾਂ ਬਾਰੇ ਵੀ ਦੱਸੋ।

## 3.8 ਸੁਝਾਈਆਂ ਪੜ੍ਹਤਾਂ:-

1. Goyal, S. (2017). Gender, School and Society. Twentyfirst Century Publications, Patiala.
2. https://digitalcommons.library.umaine.edu/cgi/viewcontent.cgi?article=1000&context=soc_facpub
3. https://www.sciencedirect.com/topics/social-sciences/gender-roles
4. https://www.plannedparenthood.org/learn/gender-identity/sex-gender-identity/what-are-gender-roles-and-stereotypes
5. https://www.unicef.org/india/what-we-do/gender-equality
6. https://link.springer.com/referenceworkentry/10.1007%2F978-94-007-0753-5_1131

**ਬੀ.ਐਡ. ਸਮੈਸਟਰ ਚੌਥਾ** **ਪਰਚਾ ਉੱਨੀ**

**ਲਿੰਗ, ਸਕੂਲ ਅਤੇ ਸਮਾਜ**

**ਪਾਠ: 1.4** **ਲੇਖਕ: ਡਾ. ਮੰਜੂ ਸੂਦ**

## ਲਿੰਗ : ਪਛਾਣ, ਵਿਕਾਸ ਅਤੇ ਭਾਰਤੀ ਸਮਾਜ ਵਿੱਚ ਲਿੰਗ ਮੁੱਦੇ

**4.1 ਪਾਠ ਦੇ ਉਦੇਸ਼**

**4.2 ਲਿੰਗੀ ਪਛਾਣ ਦੀ ਧਾਰਨਾ**

**4.3 ਲਿੰਗ ਪਛਾਣ ਦੇ ਵਿਕਾਸ ਦੀ ਧਾਰਨਾ**

**4.4 ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ**

**4.5 ਭਾਰਤੀ ਸਮਾਜ ਵਿੱਚ ਲਿੰਗੀ ਮੁੱਦੇ**

**4.6 ਸੁਝਾਏ ਪ੍ਰਸ਼ਨ**

**4.7 ਸੁਝਾਈਆਂ ਪੜ੍ਹਤਾਂ**

### 4.1 ਪਾਠ ਦੇ ਉਦੇਸ਼ :-

ਇਸ ਪਾਠ ਨੂੰ ਪੜ੍ਹਨ ਤੋਂ ਬਾਦ ਵਿਦਿਆਰਥੀ ਇਹ ਜਾਨਣ ਦੇ ਯੋਗ ਹੋਣਗੇ:-

- ਲਿੰਗੀ ਪਛਾਣ ਨੂੰ ਪਰਿਭਾਸ਼ਿਤ ਕਰਨਾ।
- ਲਿੰਗੀ ਪਛਾਣ ਦੇ ਵਿਕਾਸ ਦੀ ਵਿਆਖਿਆ ਕਰਨਾ।
- ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੀ ਵਿਆਖਿਆ ਅਤੇ ਸੂਚੀਬੱਧ ਕਰਨਾ।
- ਭਾਰਤੀ ਸਮਾਜ ਵਿੱਚ ਮੌਜੂਦ ਲਿੰਗੀ ਮੁੱਦਿਆਂ ਦਾ ਵਰਨਣ ਕਰਨਾ।

### 4.2 ਲਿੰਗੀ ਪਛਾਣ ਦੀ ਧਾਰਨਾ :-

ਸ਼ਬਦਕੋਸ਼ ਵਿੱਚ 'ਪਛਾਣ' ਸ਼ਬਦ ਦਾ ਮਤਲਬ ਹੈ ਕਿ ਇੱਕ ਵਿਅਕਤੀ ਕੋਣ ਹੈ ਜਾਂ ਉਹ ਚੀਜ਼ ਕੀ ਹੈ ਜਾਂ ਉਸ ਚੀਜ਼ ਦੇ ਹੋਣ ਦੀ ਹਕੀਕਤ ਕੀ ਹੈ ਜਾਂ ਇਸਨੂੰ ਇੱਕ ਨੇੜਤਾ ਜਾਂ ਸਮਾਨਤਾ ਦੇ ਭਾਵ ਤੋਂ ਵੀ ਸਮਝਿਆ ਜਾ ਸਕਦਾ ਹੈ। ਪਛਾਣ ਨੂੰ ਇਸ ਤਰ੍ਹਾਂ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਤੁਸੀਂ ਕੋਣ ਹੋ, ਤੁਸੀਂ ਆਪਣੇ ਬਾਰੇ ਕਿਵੇਂ ਸੋਚਦੇ ਹੋ, ਤੁਹਾਡੇ ਆਸ-ਪਾਸ ਦੇ ਲੋਕ ਤੁਹਾਡੇ ਬਾਰੇ ਕੀ ਸੋਚਦੇ ਹਨ ਅਤੇ ਉਹ ਵਿਸ਼ੇਸ਼ਤਾਵਾਂ ਜੋ ਤੁਹਾਨੂੰ ਪਰਿਭਾਸ਼ਿਤ ਕਰਦੀਆਂ ਹਨ। ਇਸਨੂੰ ਮਨੋਵਿਗਿਆਨ ਪਛਾਣ ਦੁਆਰਾ ਸੰਬੰਧ ਸਥਾਪਿਤ ਕਰਨਾ ਵੀ ਕਿਹਾ ਜਾਂਦਾ ਹੈ।

ਲਿੰਗ ਪਛਾਣ ਦਾ ਅਰਥ ਹੈ ਕਿ ਕਿਸੇ ਵਿਅਕਤੀ ਦਾ ਕਿਸੇ ਖਾਸ ਲਿੰਗ ਬਾਰੇ ਦ੍ਰਿਸ਼ਟੀਕੋਣ ਜੋਕਿ ਉਹਨਾਂ ਦੇ ਜੈਵਿਕ ਸੈਕਸ ਨਾਲ ਮੇਲ ਖਾ ਵੀ ਸਕਦਾ ਹੈ ਅਤੇ ਨਹੀਂ ਵੀ। ਕਿਸੇ ਵਿਅਕਤੀ ਦਾ ਆਪਣੇ ਆਪ ਪ੍ਰਤੀ ਦ੍ਰਿਸ਼ਟੀਕੋਣ ਕਿ ਉਹ ਔਰਤ ਹੈ ਜਾਂ ਪੁਰਸ਼ ਹੈ, ਦੇ ਤੌਰ ਤੇ ਵੀ ਲਿੰਗੀ ਪਛਾਣ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਉਦਾਹਰਨ ਲਈ ਜੇਕਰ ਕੋਈ ਆਪਣੇ ਆਪ ਨੂੰ ਇਸਤਰੀ ਮੰਨ ਲਏ ਅਤੇ ਆਪਣੇ ਆਪ ਵਿੱਚ ਇਸਤਰੀ ਗੁਣਾਂ ਨੂੰ ਧਾਰਨ ਕਰ ਲਵੇ ਤਾਂ ਉਸਦੇ ਲਿੰਗ ਨੂੰ ਅਸੀਂ ਇਸਤਰੀ ਲਿੰਗ ਕਹਾਂਗੇ।

## ੳ) ਲਿੰਗ ਪਛਾਣ ਅਤੇ ਲਿੰਗੀ ਭੂਮਿਕਾ ਵਿੱਚ ਅੰਤਰ:-

ਉਪਰੋਕਤ ਦਿੱਤੀਆਂ ਦੋ ਉਦਾਹਰਨਾਂ ਰਾਹੀਂ ਸਮਝਦੇ ਹਾਂ ਕਿ ਉਦਾਹਰਨ ਵਿੱਚ ਦਿੱਤੇ ਵਿਅਕਤੀ ਦੀ ਲਿੰਗੀ ਪਛਾਣ ਇਸਤਰੀ ਦੇ ਤੌਰ ’ਤੇ ਕੀਤੀ ਗਈ। ਚਾਹੇ ਉਸਦੀ ਲਿੰਗੀ ਭੂਮਿਕਾ ਸਿਰਫ ਇਸਤਰੀ ਦੇ ਤੌਰ ’ਤੇ ਨਾ ਹੋਵੇ ਬਸ਼ਰਤੇ ਉਸਦੇ ਵਿਹਾਰ, ਪੁਸ਼ਾਕ ਅਤੇ ਆਦਤਾਂ ਦੀਆਂ ਵਿਸ਼ੇਸ਼ਤਾਵਾਂ ਇਸਤਰੀਆਂ ਵਾਲੀਆਂ ਹੋਣ। ਵਾਸਤਵ ਵਿੱਚ, ਲਿੰਗੀ ਪਛਾਣ ਦਾ ਪਰਿਣਾਮ ਸਮਾਜ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਇਸਦਾ ਫੈਸਲਾ ਉਹਨਾਂ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ ਜੋ ਦੂਜੇ ਲੋਕਾਂ ਦੁਆਰਾ ਬਾਹਰੀ ਤੌਰ ’ਤੇ ਵੇਖਿਆ ਜਾਂਦਾ ਹੈ।

ਲਿੰਗ ਪਛਾਣ ਜ਼ਿੰਦਗੀ ਦੀਆਂ ਪੂਰਵੀ ਸਟੇਜਾਂ ’ਤੇ ਸ਼ੁਰੂ ਹੋ ਜਾਂਦੀ ਹੈ। ਉਦਾਹਰਨ ਲਈ, ਇੱਕ ਬੱਚਾ ਜੋ ਜੈਵਿਕ ਨਰ ਸੈਕਸ ਦੇ ਤੌਰ ’ਤੇ ਜਨਮ ਲੈਂਦਾ ਹੈ, ਉਸਨੂੰ ਮੁੰਡੇ ਦੀ ਲਿੰਗੀ ਪਛਾਣ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਪ੍ਰੌੜ ਹੋਣ ’ਤੇ ਇੱਕ ਆਦਮੀ ਦਾ ਦਰਜਾ ਦਿੱਤਾ ਜਾਂਦਾ ਹੈ। ਇੱਕ ਬੱਚਾ ਜੋ ਜੈਵਿਕ ਮਾਦਾ ਸੈਕਸ ਦੇ ਤੌਰ ’ਤੇ ਜਨਮ ਲੈਂਦੀ ਹੈ, ਉਸਨੂੰ ਕੁੜੀ ਦੀ ਲਿੰਗੀ ਪਛਾਣ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਪ੍ਰੌੜ ਹੋਣ ’ਤੇ ਇਸਤਰੀ ਦਾ ਦਰਜਾ ਦਿੱਤਾ ਜਾਂਦਾ ਹੈ। ਉਹ ਲੋਕ ਜੋ ਨਾਂ ਤਾਂ ਨਰ ਸੈਕਸ ਦੇ ਤੌਰ ’ਤੇ ਜਨਮ ਲੈਂਦੇ ਹਨ ਅਤੇ ਨਾਂ ਹੀ ਮਾਦਾ ਸੈਕਸ ਦੇ ਤੌਰ ’ਤੇ ਉਹਨਾਂ ਨੂੰ ਟ੍ਰਾਂਸਜੈਂਡਰ ਕਿਹਾ ਜਾਂਦਾ ਹੈ। ਇਹਨਾਂ ਟ੍ਰਾਂਸਜੈਂਡਰਾਂ ਨੂੰ ਭਾਵੇਂ ਇਸਤਰੀ ਵਾਲੀ ਭੂਮਿਕਾ ਪ੍ਰਦਾਨ ਕੀਤੀ ਜਾਂਦੀ ਹੈ ਪਰੰਤੂ ਉਹਨਾਂ ਨੂੰ ਆਪਣੇ ਆਪ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਨਾ ਤਾਂ ਪੁਰਸ਼ ਹਨ ਨਾ ਇਸਤਰੀ। ਅਜਿਹੇ ਕੇਸਾਂ ਵਿੱਚ, ਜੇਕਰ ਉਹਨਾਂ ਦੀ ਆਰਥਿਕ ਸਥਿਤੀ ਚੰਗੀ ਹੁੰਦੀ ਹੈ ਤਾਂ ਉਹ ਮੈਡੀਕਲ ਖੋਜਾਂ ਦੀ ਮਦਦ ਨਾਲ ਆਪਣੇ ਸਰੀਰ ਵਿੱਚ ਬਦਲਾਵ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਸ ਤਰ੍ਹਾਂ ਦੇ ਲਿੰਗ ਬਾਰੇ ਉਹ ਸੋਚਦੇ ਹਨ ਕਿ ਉਹ ਹਨ। ਇਸ ਤਰ੍ਹਾਂ ਉਹ ਇੱਕ ਵਿਸ਼ੇਸ਼ ਲਿੰਗ ਪਛਾਣ ਮਰਦ ਜਾਂ ਔਰਤ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ।

## 4.3 ਲਿੰਗੀ ਪਛਾਣ ਵਿਕਾਸ:-

ਇਹ ਜ਼ਿਆਦਾਤਰ ਬੱਚਿਆਂ ਦੀ ਮੁੰਡੇ ਅਤੇ ਕੁੜੀ ਦੇ ਤੌਰ ’ਤੇ ਪਛਾਣ ਹੋਣ ਦੀ ਕੁਦਰਤੀ ਭਾਵਨਾ ਹੈ। ਬੱਚਿਆਂ ਨੂੰ ਉਹਨਾਂ ਦੇ ਸਰੀਰਕ ਅਤੇ ਜੈਵਿਕ ਗੁਣਾਂ ਦੇ ਆਧਾਰ ’ਤੇ ਹੀ ਨਰ ਜਾਂ ਮਾਦਾ ਦੀ ਉਪਾਧੀ ਦਿੱਤੀ ਜਾਂਦੀ ਹੈ। ਇਸੇ ਪ੍ਰਕਾਰ ਹੀ ਲਿੰਗੀ ਪਛਾਣ ਦੀ ਪ੍ਰਕ੍ਰਿਆ ਪੂਰੀ ਕੀਤੀ ਜਾਂਦੀ ਹੈ।

- ਨਵਜੰਮੇ ਬੱਚੇ ਜੋ 0 ਤੋਂ 2 ਸਾਲ ਦੇ ਹੁੰਦੇ ਹਨ, ਉਹਨਾਂ ਨੂੰ ਆਪਣੀ ਲਿੰਗੀ ਪਛਾਣ ਨਹੀਂ ਹੁੰਦੀ।
- ਇੱਥੇ ਇਹ ਨੋਟ ਕਰਨਾ ਬਹੁਤ ਜ਼ਰੂਰੀ ਹੈ ਕਿ ਭਾਵੇਂ ਬੱਚੇ ਆਪਣੇ ਤੀਸਰੇ ਜਨਮਦਿਨ ਤੇ ਲਿੰਗੀ ਪਛਾਣ ਕਰਦੇ ਹਨ ਪਰੰਤੂ ਟ੍ਰਾਂਸਜੈਂਡਰ ਆਪਣੀ ਜ਼ਿੰਦਗੀ ਦੇ ਅਗਲੇ ਪੱਧਰਾਂ ਤੇ ਵੀ ਆਪਣੇ ਲਿੰਗ ਦੀ ਪਛਾਣ ਕਰਨ ਦੇ ਯੋਗ ਨਹੀਂ ਹੁੰਦੇ। ਇਹ ਟ੍ਰਾਂਸਜੈਂਡਰ ਪਛਾਣ ਨਾਲ ਸੰਬੰਧਿਤ ਸਮਾਜਿਕ ਕਲੰਕ ਅਤੇ ਦਬਾਅ ਦੇ ਕਾਰਨ ਹੁੰਦਾ ਹੈ।
- ਜ਼ਿਆਦਾਤਰ ਬੱਚੇ ਆਪਣੇ ਤੀਸਰੇ ਜਨਮ ਦਿਨ ਤੋਂ ਬਾਦ ਆਪਣੇ ਲਿੰਗ ਦੇ ਗੁਣਾਂ ਅਤੇ ਸਮਾਜਿਕ ਪੱਖਾਂ ਬਾਰੇ ਸਿੱਖਣਾ ਸ਼ੁਰੂ ਕਰ ਦਿੰਦੇ ਹਨ। ਉਹਨਾਂ ਨੂੰ ਮੁੰਡਿਆਂ ਅਤੇ ਕੁੜੀਆਂ ਦੇਸਰੀਰਕ ਅੰਤਰਾਂ ਬਾਰੇ ਪਤਾ

ਲੱਗਣਾ ਸ਼ੁਰੂ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਮੁੰਡਾ ਜਾਂ ਕੁੜੀ ਦੇ ਸਿਰਲੇਖ ਹੇਠ ਰੱਖਣ ਦੇ ਯੋਗ ਹੋ ਜਾਂਦੇ ਹਨ।

➢ ਜ਼ਿਆਦਾਤਰ ਬੱਚਿਆਂ ਦੀ ਆਪਣੇ ਲਿੰਗ ਪ੍ਰਤੀ ਸਥਿਰ ਭਾਵਨਾ 4 ਤੋਂ 6 ਸਾਲ ਦੀ ਉਮਰ ਵਿੱਚ ਹੁੰਦੀ ਹੈ। ਇਸ ਪ੍ਰਕ੍ਰਿਆ ਨੂੰ ਚੈਕਬੰਦੀ (Consolidation) ਆਖਦੇ ਹਨ।

➢ 'ਚੈਕਬੰਦੀ ਅਤੇ ਕਠੋਰਤਾ ਦੀ ਸਿਖਰ' ਸਟੇਜ ਤੋਂ ਬਾਦ ਲਿੰਗੀ ਤਰਲਤਾ ਦੀ ਸਟੇਜ ਆਉਂਦੀ ਹੈ। ਇਸ ਸਟੇਜ 'ਤੇ ਲਿੰਗੀ ਪਛਾਣ ਫਿਰ ਤੋਂ ਤਰਲ ਬਣ ਜਾਂਦੀ ਹੈ।

**ਬਰਬਰਾ ਨਿਊਮੈਨ (Barbara Newman) ਦੇ ਅਨੁਸਾਰ ਲਿੰਗੀ ਪਛਾਣ ਦਾ ਵਿਕਾਰ ਚਾਰ ਸਟੇਜਾਂ 'ਤੇ ਹੁੰਦਾ ਹੈ:-**

- ਲਿੰਗ ਦੀ ਧਾਰਨਾ ਨੂੰ ਸਮਝਣਾ।
- ਲਿੰਗੀ ਭੂਮਿਕਾਵਾਂ ਦੇ ਮਾਣਕਾਂ ਨੂੰ ਅਤੇ ਰੂੜੀਵਾਦਿਤਾ ਬਾਰੇ ਸਿੱਖਣਾ।
- ਮਾਪਿਆਂ ਨਾਲ ਪਛਾਣ
- ਲਿੰਗੀ ਪ੍ਰਦਰਸ਼ਨ ਤਿਆਰ ਕਰਨਾ।

### 4.4 ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਨ ਬਾਰੇ ਕਾਰਕ :-

ਲਿੰਗੀ ਪਛਾਣ ਦੇ ਨਿਰਮਾਣ ਸੰਬੰਧੀ ਕੋਈ ਸਿੱਧੇ ਪੱਧਰ 'ਤੇ ਸਿਧਾਂਤ ਨਹੀਂ ਹਨ ਪਰੰਤੂ ਉਹ ਬਹੁਤ ਸਾਰੇ ਕਾਰਕ, ਜੋ ਲਿੰਗੀ ਪਛਾਣ 'ਤੇ ਪ੍ਰਭਾਵ ਪਾਉਂਦੇ ਹਨ, ਉਹ ਹੇਠ ਲਿਖੇ ਹਨ:-

1. **ਜੈਵਿਕ ਕਾਰਕ:-** ਇਹ ਪ੍ਰਮੁੱਖ ਅਤੇ ਜਨਮ ਤੋਂ ਬਾਦ ਵਾਲੇ ਹਾਰਮੋਨ ਪੱਧਰ ਹਨ ਜੋ ਬੱਚੇ ਦੇ ਜਨਮ ਸਮੇਂ ਅਤੇ ਉਸਦੇ ਜਨਮ ਸਮੇਂ ਤੋਂ ਬਾਦ ਉਸ ਵਿੱਚ ਮੌਜੂਦ ਹੁੰਦੇ ਹਨ। ਜੈਨੇਟਿਕ ਸੰਰਚਨਾ ਵੀ ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਦੀ ਹੈ।
2. **ਸਾਮਾਜਿਕ ਕਾਰਕ:-** ਸਮਾਜੀਕਰਨ ਦੀ ਪ੍ਰਕ੍ਰਿਆ ਵੀ ਬੱਚੇ ਦੇ ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਦੀ ਹੈ। ਬੱਚੇ ਦੇ ਪਰਿਵਾਰ ਦੇ ਮੈਬਰਾਂ ਦੇ ਲਿੰਗ ਪ੍ਰਤੀ ਵਿਚਾਰ, ਪ੍ਰਮੁੱਖ ਮੈਂਬਰ ਸਕੂਲ ਅਥਾਰਿਟੀਆਂ, ਜਨਤਕ -ਸੰਚਾਰ ਅਤੇ ਬੱਚੇ ਦੇ ਆਸ ਪਾਸ ਰਹਿਣ ਵਾਲੇ ਸਾਰੇ ਲੋਕ ਉਹ ਸਾਮਾਜਿਕ ਕਾਰਕ ਹਨ ਜੋ ਉਸਦੇ ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਬੱਚਾ ਇਹਨਾਂ ਸਾਰੇ ਕਾਰਕਾਂ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ ਅਤੇ ਆਪਣੀ ਲਿੰਗੀ ਪਛਾਣ ਬਣਾ ਲੈਂਦਾ ਹੈ।
3. **ਨਿਰੀਖਣ ਕਰਨਾ ਅਤੇ ਨਕਲ ਕਰਨੀ:-** ਬੱਚੇ ਦੇ ਆਸ ਪਾਸ ਉਸਦੇ ਸਮਾਜ ਵਿੱਚ ਜੋ ਕੁਝ ਵੀ ਹੁੰਦਾ ਹੈ, ਉਹ ਉਸਦਾ ਨਿਰੀਖਣ ਕਰਦੇ ਹਨ ਅਤੇ ਨਕਲ ਕਰਦੇ ਹਨ। ਇਸ ਪ੍ਰਕ੍ਰਿਆ ਵਿੱਚ ਉਹ ਆਪਣੇ ਆਸ -ਪਾਸ ਦੇ ਲੋਕਾਂ ਦੇ ਲਿੰਗ ਸੰਬੰਧੀ ਵਿਵਹਾਰ ਦਾ ਬਹੁਤ ਨੇੜੇ ਤੋਂ ਨਿਰੀਖਣ ਕਰਦੇ ਹਨ। ਉਹਨਾਂ ਦੇ ਵਿਵਹਾਰ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਬੱਚਾ ਆਪਣੇ ਜਿਹੇ ਲਿੰਗ ਵਾਲੇ ਵਿਅਕਤੀ ਦੇ ਵਿਵਹਾਰ ਦੀ ਪਾਲਣਾ ਕਰਨ ਲਈ ਪ੍ਰੇਰਿਤ ਹੁੰਦਾ ਹੈ। ਪਰੰਤੂ ਜੇਕਰ ਉਹ ਦੂਜੇ ਲਿੰਗ ਦੇ ਮੈਂਬਰਾਂ ਦੇ ਵਿਵਹਾਰ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਝਿੜਕਿਆ ਜਾਂਦਾ ਹੈ। ਉਦਾਹਰਨ ਲਈ, ਜੇਕਰ ਕੋਈ ਕੁੜੀ ਆਪਣੀ ਮਾਂ ਨਾਲ ਘਰ ਦੇ ਕੰਮ ਕਰਵਾਉਣ ਵਿੱਚ ਉਸਦੀ ਮਦਦ ਕਰਦੀ ਹੈ ਤਾਂ ਉਸਨੂੰ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਪਰੰਤੂ ਜੇਕਰ ਉਹ ਆਪਣੇ ਪਿਤਾ ਦੀ ਤਰ੍ਹਾਂ ਕਾਰ ਚਲਾਉਣ ਦੀ ਗੱਲ ਕਰੇ ਤਾਂ ਉਸ ਲਈ ਉਸਨੂੰ ਝਿੜਕਿਆ ਜਾਂਦਾ ਹੈ। ਇਸ ਤਰ੍ਹਾਂ ਬੱਚਾ ਨਿਰੀਖਣ ਅਤੇ ਨਕਲ ਦੁਆਰਾ ਲਿੰਗੀ ਪਛਾਣ ਨੂੰ ਸਿੱਖਣਾ ਸ਼ੁਰੂ ਕਰ ਦਿੰਦਾ ਹੈ।
4. **ਭਾਸ਼ਾ :-** ਭਾਸ਼ਾ ਸਿੱਖਣ ਦੀ ਪ੍ਰਕ੍ਰਿਆ ਵਿੱਚ, ਬੱਚੇ ਆਦਮੀ ਅਤੇ ਔਰਤ ਦੇ ਗੁਣਾਂ ਜਾਂ ਵਿਸ਼ੇਸ਼ਤਾਵਾਂ ਵਿਚਕਾਰ ਅੰਤਰ ਕਰਨਾ ਸਿੱਖ ਜਾਂਦੇ ਹਨ ਅਤੇ ਆਪਣੇ ਜਿਹੇ ਲਿੰਗੀ ਸਮੂਹ ਦੇ ਮੈਂਬਰਾਂ ਦੀ ਤਰ੍ਹਾਂ

ਵਿਵਹਾਰ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਪ੍ਰਕਾਰ ਭਾਸ਼ਾ ਸਿੱਖਣਾ ਵੀ ਲਿੰਗੀ ਪਛਾਣ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

5. **ਸਾਮਾਜਿਕ ਆਰਥਿਕ ਢਾਂਚਾ :-** ਲਿੰਗੀ ਵਖਰੇਵਾਂ ਹਰੇਕ ਸਮਾਜ ਵਿੱਚ ਮੌਜੂਦ ਹੁੰਦਾ ਹੈ। ਦੋਨਾਂ ਲਿੰਗਾਂ ਵਿੱਚੋਂ ਇੱਕ ਲਿੰਗ ਤਾਕਤਵਰ ਅਤੇ ਇੱਕ ਲਿੰਗ ਉਸਦੇ ਅਧੀਨ ਹੁੰਦਾ ਹੈ। ਇਸ ਲਈ ਇਹ ਸਾਮਾਜਿਕ ਅਤੇ ਆਰਥਿਕ ਸ਼ਕਤੀਆਂ ਲਈ ਇੱਕ ਪ੍ਰਤੀਯੋਗੀ ਭਾਵਨਾ ਹੁੰਦੀ ਹੈ ਜੋ ਲਿੰਗੀ ਪਛਾਣ ਦੀ ਸੰਰਚਨਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

## 4.5 ਭਾਰਤੀ ਸਮਾਜ ਵਿੱਚ ਲਿੰਗੀ ਮੁੱਦੇ :-

ਭਾਰਤ ਇੱਕ ਉਹ ਦੇਸ਼ ਹੈ ਜਿੱਥੇ ਸਦੀਆਂ ਤੋਂ ਪਾਰੰਪਰਿਕ ਪੈਤਰਿਕ ਪ੍ਰਣਾਲੀ ਮੌਜੂਦ ਹੈ। ਇਹ ਸਮਾਜ ਸ਼ੁਰੂ ਤੋਂ ਹੀ ਪੁਰਸ਼ -ਪ੍ਰਧਾਨ ਰਿਹਾ ਹੈ। ਜਿਸ ਦੇਸ਼ ਵਿੱਚ ਕਿਸੇ ਸਮੇਂ ਔਰਤਾਂ ਨੂੰ ਦੇਵੀ ਦੇ ਰੂਪ ਵਿੱਚ ਪੁੱਜਿਆ ਜਾਂਦਾ ਸੀ, ਉਸੇ ਦੇਸ਼ ਵਿੱਚ ਉਹਨਾਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਅਹੁਦਾ ਕਦੇ ਨਹੀਂ ਦਿੱਤਾ ਗਿਆ। ਇਹ ਔਰਤਾਂ ਪ੍ਰਤੀ ਅਸਮਾਨਤਾ ਕਈ ਖੇਤਰਾਂ ਜਿਵੇਂ ਸ਼ਕਤੀ, ਸਿਹਤ ਅਤੇ ਪੋਸ਼ਣ, ਸਿੱਖਿਆ, ਰੁਜ਼ਗਾਰ ਦੇ ਮੌਕਿਆਂ ਆਦਿ ਵਿੱਚ ਦੇਖੀ ਜਾ ਸਕਦੀ ਹੈ ਜਿਸਨੇ ਕਈ ਤਰ੍ਹਾਂ ਦੇ ਲਿੰਗੀ ਮੁੱਦਿਆਂ ਨੂੰ ਜਨਮ ਦਿੱਤਾ ਹੈ। ਇਹ ਕੁਝ ਲਿੰਗੀ ਮੁੱਦੇ ਇਸ ਪ੍ਰਕਾਰ ਹਨ:-

1. **ਸਿਹਤ ਅਤੇ ਪੋਸ਼ਣ :-** ਭਾਰਤ ਵਿੱਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਦੀ ਸਿਹਤ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਦਾ ਹੈ। ਔਰਤਾਂ ਨੂੰ ਹਮੇਸ਼ਾ ਉਸ ਸਮੇਂ ਖਾਣਾ ਦਿੱਤਾ ਜਾਂਦਾ ਹੈ, ਜਦੋਂ ਘਰ ਦੇ ਸਾਰੇ ਪੁਰਸ਼ ਆਪਣਾ ਭੋਜਨ ਖਾ ਲੈਣ। ਤਾਜ਼ਾ ਅਤੇ ਪੋਸ਼ਕ ਭੋਜਨ ਔਰਤਾਂ ਦੇ ਮੁਕਾਬਲੇ ਸਿਰਫ਼ ਪੁਰਸ਼ਾਂ ਨੂੰ ਹੀ ਦਿੱਤਾ ਜਾਂਦਾ ਹੈ।

2. **ਆਰਥਿਕ ਸਥਿਤੀਆਂ:-** ਭਾਰਤ ਵਿੱਚ ਔਰਤਾਂ ਨੂੰ ਬਿਨਾਂ ਕਿਸੇ ਕਮਾਉ ਸਾਧਨਾਂ ਤੋਂ ਬਹੁਤ ਛੋਟੀ ਉਮਰ ਵਿੱਚ ਵਿਆਹ ਦਿੱਤਾ ਜਾਂਦਾ ਹੈ। ਪਰਿਵਾਰ ਦੀਆਂ ਅਗੇਤੀ ਜ਼ਿੰਮੇਵਾਰੀਆਂ ਉਹਨਾਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਕਰ ਦਿੰਦੀਆਂ ਹਨ। ਭਾਰਤੀ ਔਰਤਾਂ ਆਰਥਿਕ ਗਤੀਵਿਧੀਆਂ ਵਿੱਚ ਭਾਗੀਦਾਰੀ ਬਹੁਤ ਘੱਟ ਹੁੰਦੀ ਹੈ। ਉਹਨਾਂ ਕੋਲ ਆਰਥਿਕ ਮੌਕੇ, ਸਾਧਨ ਅਤੇ ਆਰਥਿਕ ਆਜ਼ਾਦੀ ਦੀ ਵੀ ਬਹੁਤ ਘਾਟ ਹੁੰਦੀ ਹੈ। ਇਹਨਾਂ ਸਾਰੇ ਕਾਰਨਾਂ ਕਰਕੇ ਭਾਰਤੀ ਸਮਾਜ ਵਿੱਚ ਆਰਥਿਕ ਸਥਿਤੀਆਂ ਲਈ ਲਿੰਗੀ ਭੇਦਭਾਵ ਹੁੰਦਾ ਹੈ। ਵਿਸ਼ਵ ਬੈਂਕ ਦੇ ਰਿਕਾਰਡ ਅਨੁਸਾਰ ਮਜ਼ਦੂਰ ਔਰਤਾਂ ਦੀ ਭਾਗੀਦਾਰੀ ਨੂੰ ਰੁਜ਼ਗਾਰ ਔਰਤਾਂ ਅਤੇ ਕੰਮ ਲੱਭਣ ਵਾਲੀਆਂ ਔਰਤਾਂ ਦੇ ਅਨੁਪਾਤਕ ਤੌਰ 'ਤੇ ਲੱਭਿਆ ਜਾਂਦਾ ਹੈ। ਸਿਰਫ਼ 13% ਔਰਤਾਂ ਕੋਲ ਹੀ ਆਪਣੀ ਜ਼ਮੀਨ ਹੈ। ਲਗਭਗ 41% ਔਰਤਾਂ ਕੋਲ ਆਪਣੀ ਜ਼ਮੀਨ ਨਹੀਂ ਹੈ ਅਤੇ ਉਹ ਆਪਣੀ ਆਜੀਵਿਕਾ ਮਜ਼ਦੂਰੀ ਰਾਹੀਂ ਕਮਾਉਂਦੀਆਂ ਹਨ।

3. **ਸਿੱਖਿਅਕ ਪਿਛੜਾਪਨ:-** ਭਾਰਤੀ ਦੀ ਸਾਖਰਤਾ ਦਰ 64.8% ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ ਅਤੇ ਪੁਰਸ਼ਾਂ ਵਿੱਚ 21.6% ਸਾਖਰਤਾ ਦਰ ਦਾ ਬਹੁਤ ਵੱਡਾ ਖੱਪਾ ਹੈ। 2011 ਦੀ ਜਨਗਣਨਾਂ ਦੇ ਅਨੁਸਾਰ 2015-16 ਵਿੱਚ ਉਚ ਸਿੱਖਿਆ ਵਿੱਚ ਮਰਦਾਂ ਲਈ ਕੁੱਲ ਦਾਖਲਾ ਦਰ 25.4% ਸੀ ਪਰੰਤੂ ਔਰਤਾਂ ਦੀ ਦਰ 23.5% ਸੀ ਜੋਕਿ ਬਹੁਤ ਘੱਟ ਸੀ। ਸਿੱਖਿਆ ਵਿੱਚ ਔਰਤਾਂ ਕਦੀ ਪੁਰਸ਼ਾਂ ਬਰਾਬਰ ਨਹੀਂ ਰਹੀਆਂ। ਅੰਡਰਗ੍ਰੈਜੂਏਟ ਪੱਧਰ 'ਤੇ ਮੁੰਡਿਆਂ ਦੀ ਗਿਣਤੀ 51% ਅਤੇ ਕੁੜੀਆਂ ਦੀ ਗਿਣਤੀ 49% ਸੀ। Child rights and you ਸੰਸਥਾ ਦਾ ਇਹ ਕਹਿਣਾ ਹੈ ਕਿ ਸਕੂਲੀ ਸਿੱਖਿਆ ਵਿੱਚ ਦਾਖਲ ਹੋਈਆਂ ਹਰੇਕ ਤਿੰਨ ਕੁੜੀਆਂ ਵਿੱਚੋਂ ਕੋਈ ਇੱਕ ਕੁੜੀ ਉਪਯੁਕਤ ਉਮਰ ਤੱਕ 12ਵੀਂ ਦੀ ਪੜ੍ਹਾਈ ਪੂਰੀ ਕਰਨ ਦੇ ਯੋਗ ਹੁੰਦੀ ਹੈ। ਇਹ ਆਂਕੜੇ ਭਾਰਤ ਵਿੱਚ ਕੁੜੀਆਂ ਦੀਆਂ ਸਿੱਖਿਆ ਉੱਤੇ ਰੋਸ਼ਨੀ ਪਾਉਂਦੇ ਹਨ।

4. **ਸਮਾਜਿਕ ਪੈਟਰਨ :-** ਭਾਰਤੀ ਸਮਾਜ ਵਿੱਚ ਪਾਰੰਪਰਿਕ ਪੈਤਰਿਕ ਸੰਯੁਕਤ ਪਰਿਵਾਰਿਕ ਪ੍ਰਣਾਲੀ ਮੌਜੂਦ ਹੈ। ਇਸ ਲਈ, ਔਰਤਾਂ ਨੂੰ ਸੀਮਤ ਘਰੇਲੂ ਕੰਮ ਦਿੱਤੇ ਜਾਂਦੇ ਹਨ ਅਤੇ ਹੋਰ ਅਧੁਨਿਕ ਰੋਲ, ਸਟੇਟਸ ਅਤੇ ਸ਼ਕਤੀਆਂ ਮਰਦਾਂ ਦੇ ਮੁਕਾਬਲੇ ਵਿੱਚ ਘੱਟ ਪ੍ਰਦਾਨ ਕੀਤੇ ਜਾਂਦੇ ਹਨ। ਸਿਰਫ਼ ਮਰਦਾਂ ਨੂੰ ਹੀ ਪਰਿਵਾਰ ਲਈ ਪੈਸੇ ਕਮਾਉਣ ਦਾ ਮੁੱਖ ਰੋਲ ਪ੍ਰਦਾਨ ਕੀਤਾ ਜਾਂਦਾ ਹੈ ਜਦੋਂ ਕਿ ਔਰਤਾਂ ਨੂੰ ਪਰਿਵਾਰ ਦੀ ਮਦਦ ਲਈ ਹੋਰ ਆਰਥਿਕ ਭੂਮਿਕਾਵਾਂ ਦੀਆਂ ਜਾਂਦੀਆਂ ਹਨ। ਫੈਸਲਾ ਲੈਣ ਦੀ ਸ਼ਕਤੀ ਵੀ ਪਰਿਵਾਰ ਵਿੱਚ ਮਰਦ ਨੂੰ ਦਿੱਤੀ ਜਾਂਦੀ ਹੈ। ਮੁੰਡਿਆਂ ਅਤੇ ਕੁੜੀਆਂ ਨੂੰ ਘਰ 'ਚ ਪੈਦਾ ਕੀਤਾ ਜਾਂਦਾ ਹੈ ਅਤੇ ਬਾਲਗਾਂ ਦੇ ਰੋਲ ਦੀਆਂ ਉਮੀਦਾਂ ਨਾਲ ਉਹਨਾਂ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ। ਔਰਤ ਵਿਰੋਧੀ ਸਮਾਜਿਕ ਸੈਟਅੱਪ, ਕੁੜੀਆਂ ਦੇ ਮੁਕਾਬਲੇ ਮੁੰਡਿਆਂ ਨੂੰ ਤਵੱਜੋ ਦੇਣੀ, ਸਿਰਫ ਮੁੰਡਿਆਂ ਦੇ ਜਨਮ ਦਿਨ ਮਨਾਉਣੇ, ਨਰ ਬੱਚੇ ਦੀ ਮਾਦਾ ਬੱਚੇ ਨਾਲੋਂ ਜ਼ਿਆਦਾ ਪੁੱਛ ਹੋਣੀ, ਦਾਜ-ਪ੍ਰਥਾ, ਕੁੜੀਆਂ ਨੂੰ ਜਲਾਉਣਾ, ਭਰੂਣ -ਹੱਤਿਆ ਅਤੇ ਜੰਮਦਿਆਂ ਨੂੰ ਕੁੜੀਆਂ ਮਾਰ ਦੇਣਾ ਆਦਿ ਭਾਰਤੀ ਸਮਾਜ ਵਿੱਚ ਕੁਝ ਭੈੜੇ ਕੰਮ ਹਨ ਜੋਕਿ ਸਮਾਜਿਕ ਪੱਖਪਾਤ ਦੇ ਮਜ਼ਬੂਤ ਸੰਕੇਤਕ ਹਨ।

5. **ਸਮਾਜਿਕ ਰਵੱਈਆ:-** ਭਾਰਤੀ ਸਮਾਜ ਵਿੱਚ ਵਿਕਾਸ, ਤਕਨੀਕੀ ਤਰੱਕੀ ਅਤੇ ਨੀਤੀਆਂ ਵਿੱਚ ਬਦਲਾਅ ਹੋਏ ਹਨ। ਔਰਤਾਂ ਪ੍ਰਤੀ ਸੋਚ ਅਤੇ ਸਮਾਜਿਕ ਰਵੱਈਆ ਅਜੇ ਵੀ ਬਦਲਿਆ ਨਹੀਂ ਹੈ। ਉਹਨਾਂ ਨੂੰ ਅਜੇ ਵੀ ਆਪਣੀ ਪਛਾਣ ਸਥਾਪਿਤ ਕਰਨ ਲਈ ਆਵਾਜ਼ ਚੁੱਕਣ ਦਾ ਅਧਿਕਾਰ ਨਹੀਂ ਹੈ। ਉਹਨਾਂ ਨੂੰ ਅਜੇ ਵੀ ਅਮਨੁੱਖੀ ਵਿਵਹਾਰ, ਸਾਮਾਜਿਕ ਅੱਤਿਆਚਾਰ, ਸ਼ੋਸ਼ਣ ਅਤੇ ਘਰ ਦੇ ਸਮਾਜ ਦੀਆਂ ਹੋਰ ਸੰਸਥਾਵਾਂ ਵਿੱਚ ਅਪ੍ਰਸਿੱਧੀ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤੀ ਸਮਾਜ ਵਿੱਚ ਔਰਤਾਂ ਪ੍ਰਤੀ ਸਮਾਜਿਕ ਰਵੱਈਆ ਅਜੇ ਵੀ ਨਹੀਂ ਬਦਲਿਆ ਹੈ।

6. **ਕਾਨੂੰਨਾਂ ਅਤੇ ਅਧਿਕਾਰਾਂ ਪ੍ਰਤੀ ਅਣਜਾਣ:-** ਭਾਰਤੀ ਸਮਾਜ ਵਿੱਚ ਔਰਤਾਂ ਵਿੱਚ ਸਿੱਖਿਆ ਦੀ ਘਾਟ ਕਾਰਨ ਉਹ ਆਪਣੇ ਕਾਨੂੰਨੀ ਅਤੇ ਬੁਨਿਆਦੀ ਅਧਿਕਾਰਾਂ ਤੋਂ ਅਣਜਾਣ ਹਨ। ਉਹ ਸਮਾਜ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੈੱਟਅੱਪ ਦੇ ਕਾਰਜ਼ਾਂ ਤੋਂ ਜਾਣੂ ਨਹੀਂ ਹਨ। ਇੱਥੋਂ ਤੱਕ ਕਿ ਉਹ ਆਪਣੇ ਨਾਲ ਹੋਣ ਵਾਲੇ ਨਿਆਂ ਅਤੇ ਭੇਦਭਾਵਾਂ ਤੋਂ ਵੀ ਅਣਜਾਣ ਹਨ। ਔਰਤਾਂ ਦੀ ਅਗਿਆਨਤਾ ਅਤੇ ਅਣਜਾਣਪੁਣਾ ਵੀ ਲਿੰਗੀ ਭੇਦਭਾਵ ਨੂੰ ਵਧਾਉਂਦੇ ਹਨ। ਇੱਥੋਂ ਤੱਕ ਕਿ, ਅਣਸਿੱਖਿਅਤ ਔਰਤਾਂ ਆਪਣੀਆਂ ਔਰਤ ਸਾਥੀਆਂ ਜਾਂ ਪਰਿਵਾਰਿਕ ਔਰਤਾਂ ਮੈਂਬਰਾਂ ਨਾਲ ਬੇਇਨਸਾਫ਼ੀ ਨੂੰ ਵਧਾਉਂਦੀਆਂ ਹਨ। ਔਰਤਾਂ ਨੂੰ ਉਹਨਾਂ ਸੁਧਾਰਾਂ ਅਤੇ ਕਾਨੂੰਨਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਜੋ ਸਰਕਾਰ ਨੇ ਲਿੰਗੀ ਪੱਖਪਾਤ ਨੂੰ ਦੂਰ ਕਰਨ ਲਈ ਅਤੇ ਔਰਤਾਂ ਦਾ ਪੱਧਰ ਉਪਰ ਚੁੱਕਣ ਲਈ ਬਣਾਏ ਹਨ ਅਤੇ ਲਾਗੂ ਕੀਤੇ ਹਨ। ਜਿਵੇਂ ਸਰਕਾਰ ਨੇ ਧਾਰਾ 243-D ਰਾਹੀਂ ਔਰਤਾਂ ਲਈ ਪੰਚਾਇਤੀ ਰਾਜ ਸੰਸਥਾਵਾਂ ਵਿੱਚ 33% ਰਿਜ਼ਰਵੇਸ਼ਨ ਦਾ ਪ੍ਰਾਵਧਾਨ ਰੱਖਿਆ ਹੇ ਅਤੇ 33% ਰਿਜ਼ਰਵੇਸ਼ਨ ਚੇਅਰਪਰਸਨ ਦੇ ਦਫ਼ਤਰ ਵਿੱਚ ਰੱਖਿਆ ਹੈ। ਉਹਨਾਂ ਨੂੰ ਆਪਣੇ ਹੱਕਾਂ ਲਈ ਅੱਗੇ ਆ ਕੇ ਲੜ੍ਹਨਾ ਚਾਹੀਦਾ ਹੈ ਅਤੇ ਇਸਦਾ ਆਧਾਰਭੂਤ ਸਾਧਨ ਸਿੱਖਿਆ ਹੀ ਹੈ ਭਾਵ ਕਿ ਉੱਚ ਸਿੱਖਿਆ ਅਤੇ ਹੋਰ ਜ਼ਿਆਦਾ ਰਸਮੀ ਸਿੱਖਿਆ, ਜੋਕਿ ਹੋਰ ਜ਼ਿਆਦਾ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰੇਗੀ।

## 4.6 ਸੁਝਾਏ ਪ੍ਰਸ਼ਨ :-

1. ਲਿੰਗੀ ਪਛਾਣ ਕੀ ਹੁੰਦਾ ਹੈ? ਲਿੰਗੀ ਪਛਾਣ ਅਤੇ ਲਿੰਗੀ ਭੂਮਿਕਾ ਵਿੱਚ ਅੰਤਰ ਲਿਖੋ।
2. ਲਿੰਗੀ ਪਛਾਣ ਦੇ ਵਿਕਾਸ ਤੋਂ ਕੀ ਭਾਵ ਹੈ? ਵਿਸਥਾਰ ਵਿੱਚ ਲਿਖੋ।
3. ਲਿੰਗੀ ਪਛਾਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਬਾਰੇ ਵਿਸਥਾਰ ਨਾਲ ਦੱਸੋ।
4. ਭਾਰਤੀ ਸਮਾਜ ਵਿੱਚ ਮੁੱਖ ਲਿੰਗੀ ਮੁੱਦਿਆਂ 'ਤੇ ਚਾਨਣਾ ਪਾਓ।

## 4.7 ਸੁਝਾਈਆਂ ਪੜ੍ਹਤਾਂ:–


1. Goyal, S. (2017). Gender, School and Society. Twentyfirst Century Publications, Patiala.

2 .https://emedicine.medscape.com/article/917990-overview

https://en.wikipedia.org/wiki/Gender_identity

3. https://www.mentalhelp.net/sexuality/gender-identity/aidvolunteers.org/en/gender-issues-in-india/

4. https://en.wikipedia.org/wiki/Gender_inequality_in_India